Citizenship and Immigration Canada
Citoyenneté et Immigration Canada

# ਕੈਨੇਡਾ ਵਿੱਚ ਤੁਹਾਡਾ ਸਵਾਗਤ ਹੈ



## ਤੁਹਾਨੂੰ ਜੋ ਜਾਨਣਾ ਚਾਹੀਦਾ ਹੈ







Canada

ਮਿਹਰਬਾਨੀ ਕਰਕੇ ਇਸ ਗਲ ਵਲ ਤਵਜੋ ਦਿਓ ਕਿ ਇਹ ਤਿੰਨ ਭਾਗ (ਆਪਣੇ ਭਾਈਚਾਰੇ ਵਿੱਚ ਸਹਾਇਤਾ ਦੀ ਭਾਲ ਕਰਨੀ, ਜਾਣਕਾਰੀ ਦੇ ਜ਼ਰੂਰੀ ਸੋਮੇ, ਅਤੇ ਬੋਲੀ ਦੀ ਸਿਖਲਾਈ) ਕੇਵਲ ਅੰਗ੍ਰੇਜ਼ੀ ਅਤੇ ਫ਼ਰੈਂਚ ਵਿੱਚ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

# ਕੈਨੇਡਾ ਵਿੱਚ ਤੁਹਾਡਾ ਸਵਾਗਤ ਹੈ!

ਮੁਬਾਰਕ! ਤੁਸੀਂ ਇਕ ਅਹਿਮ ਕਦਮ ਚੁਕਿਆ ਹੈ। ਨਵੇਂ ਦੇਸ਼ ਨੂੰ ਆਪਣਾ ਘਰ ਬਨਾਉਣਾ ਬੜੀ ਹਿੰਮਤ ਦਾ ਕੰਮ ਹੈ। ਇਸ ਨਾਲ ਕਈ ਉਤਸ਼ਾਹਜਨਕ ਮੌਕੇ ਅਤੇ ਨਵੀਆਂ ਉਮੰਗਾ ਦਾ ਅਰੰਭ ਵੀ ਹੁੰਦਾ ਹੈ। ਸਮਾਂ ਕੱਢ ਕੇ ਇਹ ਜਾਨਣ ਦਾ ਯਤਨ ਵੀ ਕਰਨਾ ਕਿ ਨਵੇਂ ਮੁਲਕ ਵਿੱਚ ਕੀ ਕੁਝ ਨਵਾਂ ਜਾਨਣ ਦੀ ਲੋੜ ਹੈ ਅਤੇ ਕੀ ਕੁਝ ਦੀ ਉਮੀਦ ਤੁਹਾਡਾ ਇਹ ਮੁਲਕ ਤੁਹਾਡੇ ਤੋਂ ਕਰਦਾ ਹੈ। ਅਜਿਹਾ ਅਪਣਾਇਆ ਰਾਹ ਤੁਹਾਨੂੰ ਕਾਮਯਾਬੀ ਵਲ ਲੈ ਜਾਏਗਾ । ਇਹ ਪੁਸਤਕ ਤੁਹਾਨੂੰ ਕੈਨੇਡਾ ਵਿੱਚ ਰਹਿਣ ਸਹਿਣ ਸਬੰਧੀ ਕੁਝ ਕੁ ਜਾਣਕਾਰੀ ਪ੍ਰਦਾਨ ਕਰੇਗੀ। ਜੇ ਤੁਸੀਂ ਕਿਸੇ ਵਿਸ਼ੇ ਸਬੰਧੀ ਵਧੇਰੇ ਜਾਨਣਾ ਚਾਹੁੰਦੇ ਹੋ ਤਾਂ ਇਹ ਪੁਸਤਕ ਸਹਾਈ ਹੋ ਸਕਦੀ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਹ ਤੁਹਾਡੇ ਨਵੇਂ ਮੁਲਕ ਦੀ ਨਵੀਂ ਜ਼ਿੰਦਗੀ ਦੇ ਪ੍ਰਵੇਸ਼ ਵਿੱਚ ਸਹਾਇਤਾ ਕਰੇਗੀ। ਯਕੀਨ ਕਰਨਾ - ਜੋ ਪਹਿਲਾਂ ਤੋਂ ਹੀ ਕੈਨੇਡਾ ਵਿੱਚ ਰਹਿ ਰਹੇ ਹਨ ਉਹ ਵੀ ਤੁਹਾਨੂੰ ਇਸ ਦੇਸ਼ ਵਿੱਚ ਖੁਸ਼ੀਆਂ ਭਰਪੂਰ ਅਤੇ ਕਾਮਯਾਬ ਜੀਵਨ ਲਈ ਆਪਣੀਆਂ ਸ਼ੁਭ ਇਛਾਵਾਂ ਭੇਟ ਕਰਦੇ ਹਨ।

ਕੈਨੇਡਾ ਵਿੱਚ ਤੁਹਾਡਾ ਪਹਿਲਾ ਸਾਲ ਬੜਾ ਭਾਵੁਕ ਤੇ ਤਬਦੀਲੀਆਂ ਭਰਿਆ ਹੋਵੇਗਾ। ਤੁਸੀਂ ਰਹਿਣ ਲਈ ਘਰ, ਨੌਕਰੀ ਅਤੇ ਬਚਿਆਂ ਲਈ  ਸਕੂਲ ਦੀ ਤਲਾਸ਼ ਵਿੱਚ ਹੋਵੋਗੇ। ਸੰਭਵ ਹੈ ਤੁਸੀਂ ਬਹੁਤ ਸਾਰੇ ਨਵੇਂ ਦੋਸਤ ਮਿੱਤਰ ਵੀ ਬਣਾਉਗੇ। ਕੁਝ ਕੁ ਨੂੰ ਤਾਂ ਇਹ ਤਜਰਬਾ ਵੀ ਹੋਵੇਗਾ ਕਿ ਨਵੇਂ ਭਾਈਚਾਰੇ ਜਾਂ ਨਵੇਂ ਮੁਲਕ ਵਿੱਚ ਪ੍ਰਵੇਸ਼ ਕਰਨ ਤੇ ਕਿਵੇਂ ਮਹਿਸੂਸ ਹੁੰਦਾ ਹੈ।

ਤੁਸੀਂ ਚਾਹੇ ਕਿਸੇ ਵੀ ਸਥਿਤੀ ਵਿੱਚ ਹੋਵੋ, ਨਵੇਂ ਮੁਲਕ ਵਿੱਚ ਨਵੇਂ ਰਹਾਇਸ਼ੀ ਹੋਣ ਦਾ ਭਾਵ ਹੈ ਕਿ ਤੁਹਾਨੂੰ ਨਵੀਂ ਜ਼ਿੰਦਗੀ ਖਾਤਰ ਕੁਝ ਕੁ ਜਾਣਿਆ ਪਛਾਣਿਆ ਤਿਆਗਣਾ ਪਵੇਗਾ। ਇਸ ਕਾਰਨ, ਵਿਸ਼ੇਸ਼ ਕਰਕੇ ਕੁਝ ਅਰੰਭਕ ਦਿਨ ਅਤੇ ਹਫ਼ਤੇ ਤੁਸੀਂ ਥੋੜੇ ਚਿੰਤਤ ਤੇ ਸਹਿਮੇ ਹੋਏ ਅਨੁਭਵ ਕਰੋਗੇ। ਲਗਭਗ ਸਾਰੇ ਨਵੇਂ ਆਏ ਟਿਕ-ਟਿਕਾ ਹੋਣ ਤੋਂ ਪਹਿਲਾਂ ਅਜਿਹੀਆਂ ਭਾਵਨਾਵਾਂ ਦਾ ਸ਼ਿਕਾਰ ਹੁੰਦੇ ਹਨ। ਨਵੇਂ ਮੁਲਕ ਵਿੱਚ ਆਪਣੇ ਘਰ ਵਰਗੀ ਅਪਣਤ ਪੈਦਾ ਹੁੰਦਿਆ ਸਮਾਂ ਲਗਦਾ ਹੈ।

ਆਪਣੇ ਨਵੇਂ ਭਾਈਚਾਰੇ ਵਿੱਚ ਇਕ ਸੁਰ ਹੋਣ ਦਾ ਸਭ ਤੋਂ ਚੰਗਾ ਢੰਗ ਆਪਣੇ ਆਪ ਨੂੰ ਭਾਈਚਾਰੇ ਦੇ ਰੁਝੇਵਿਆਂ ਵਿੱਚ ਮਸਰੂਫ਼ ਕਰਨਾ ਹੈ। ਅੰਗਰੇਜ਼ੀ ਜਾਂ ਫ਼ਰੈਂਚ ਬੋਲਣ ਤੋਂ ਹਿਚਕਚਾਓ ਨਾ ਚਾਹੇ ਤੁਸੀਂ ਗਲਤ ਹੀ ਕਿਉਂ ਨਾ ਬੋਲੋ। ਕੈਨੇਡਾ ਦੀ ਕਿਸੇ ਇਕ ਵੀ ਸਰਕਾਰੀ ਬੋਲੀ ਨੂੰ ਸਮਝਣ ਅਤੇ ਬੋਲਣ ਨਾਲ ਤੁਹਾਡਾ ਇਸ ਮੁਲਕ ਦੇ ਤੌਰ ਤਰੀਕਿਆਂ ਅਨੁਸਾਰ ਢਲਣਾ ਆਸਾਨ ਹੋ ਜਾਵੇਗਾ। ਜਿਤਨਾ ਤੁਸੀਂ ਲੋਕਾਂ ਨਾਲ ਮਿਲਕੇ ਗਲਬਾਤ ਕਰੋਗੇ ਉਤਨਾ ਹੀ ਤੁਸੀਂ ਆਪਣੀ ਨਵੀਂ ਜ਼ਿੰਦਗੀ ਤੇ ਆਪਣਾ ਵਸੀਕਰਨ ਮਹਿਸੂਸ ਕਰੋਗੇ। ਹਰ ਨਵੀਂ ਸਵੇਰ ਨੂੰ ਕੁਝ ਨਵਾਂ ਸਿੱਖਣ ਦਾ ਇਕ ਮੌਕਾ ਸਮਝੋ। ਜਦੋਂ ਵੀ ਜ਼ਰੂਰਤ ਹੋਵੇ ਤਾਂ ਸੁਆਲ ਪੁੱਛਣ ਤੋਂ ਗਰੇਜ਼ ਨਾ ਕਰੋ। ਬਹੁਤ ਲੋਕ ਸਹਾਇਤਾ ਕਰਕੇ ਖੁਸ਼ ਹੁੰਦੇ ਹਨ। ਕੈਨੇਡਾ ਵਾਸੀ ਭਾਈਚਾਰਕ ਜ਼ਿੰਦਗੀ ਵਿੱਚ ਵਿਸ਼ਵਾਸ ਰਖਦੇ ਹਨ। ਚਾਹੇ ਤੁਸੀਂ ਕਿਸੇ ਵੀ ਸ਼ਹਿਰ ਜਾਂ ਕਸਬੇ ਵਿੱਚ ਰਹਿਣ ਦਾ ਫ਼ੈਸਲਾ ਕਰੋ ਤੁਹਾਨੂੰ ਅਜਿਹੇ ਲੋਕ ਜ਼ਰੂਰ ਮਿਲ ਜਾਣਗੇ ਜੋ ਤੁਹਾਡੀ ਨਵੀਂ ਜ਼ਿੰਦਗੀ ਅਤੇ ਕੈਨੇਡਾ ਦੇ ਜੀਵਨ ਵਿੱਚ ਹਿਲ ਮਿਲ ਜਾਣ ਵਿੱਚ ਸਹਾਇਤਾ ਕਰਨਗੇ।

ਆਉਣ ਵਾਲੇ ਹਫ਼ਤਿਆਂ, ਮਹੀਨਿਆਂ ਅਤੇ ਸਾਲਾਂ ਦੇ ਦੌਰਾਨ ਤੁਹਾਨੂੰ ਕੈਨੇਡਾ ਦੇ ਜੀਵਨ ਵਿੱਚ ਆਪਣਾ ਪੂਰਾ ਯੋਗਦਾਨ ਪਾਉਣ ਲਈ ਕਈ ਮੌਕੇ ਮਿਲਣਗੇ। ਇਨ੍ਹਾਂ ਮੌਕਿਆਂ ਤੋਂ ਲਾਭ ਉਠਾਓ। ਹੋਰ ਕੈਨੇਡਾ ਵਾਸੀਆਂ ਨਾਲ ਨਾਲ ਤੁਸੀਂ ਤੇ ਤੁਹਾਡਾ ਪ੍ਰਵਾਰ ਆਪਸ ਵਿੱਚ ਮਿਲ ਜੁਲ ਕੇ ਵੱਧ ਫੁਲ ਸਕੋਗੇ ਅਤੇ ਇਕ ਦੂਸਰੇ ਦੇ ਜੀਵਨ ਨੂੰ ਚੰਗੇਰਾ ਬਨਾਉਣ ਵਿੱਚ ਆਪਣਾ ਯੋਗਦਾਨ ਪਾ ਸਕੋਗੇ। ਇਹ ਹੈ ਤੁਹਾਡਾ ਨਵਾਂ ਘਰ। ਸਵਾਗਤ ਹੈ ਤੁਹਾਡਾ ਕੈਨੇਡਾ ਵਿੱਚ!

# ਵਿਸ਼ਾ ਸੂਚੀ

**ਜਾਣਕਾਰੀ ਦੇ ਸੋਮੇ.......... 1**
ਜਾਣਕਾਰੀ ਕਿਵੇਂ ਲਭੋ.......... 1
ਥਾਵਾਂ ਲਭਣੀਆਂ.......... 2
ਟੈਲੀਫ਼ੋਨ ਦੀ ਵਰਤੋਂ.......... 3
ਟੈਲੀਫ਼ੋਨ ਕਿਤਾਬ.......... 3
ਕਾਲ ਸੈਂਟਰਜ਼ ਤੇ ਟਚ-ਟੋਨ ਟੈਲੀਫ਼ੋਨਜ਼.......... 4
ਸੰਕਟ ਨੰਬਰ 911.......... 4
ਆਵਾਜ਼ ਪਤੱਰ.......... 5
ਪੈਸੇ ਪਾਉਣ ਵਾਲੇ ਫ਼ੋਨ.......... 5
ਟੈਲੀਫ਼ੋਨ ਸਹਾਇਤਾ.......... 5
ਮੁਫ਼ਤ ਟੈਲੀਫ਼ੋਨ ਨੰਬਰ.......... 6
ਸਰੀਰਕ ਤੌਰ ਤੇ ਮੁਥਾਜ ਵਿਅਕਤੀਆਂ ਲਈ ਟੈਲੀਫ਼ੋਨ ਸੇਵਾਵਾਂ.......... 6
ਕੰਪਿਊਟਰ ਦੀ ਵਰਤੋਂ.......... 6

**ਕੈਨੇਡਾ ਨਾਲ ਜਾਣ-ਪਛਾਣ.......... 8**
ਕੈਨੇਡਾ ਵਿੱਚ ਜੀਵਨ.......... 8

**ਮੂਲ ਸੇਵਾਵਾਂ.......... 9**
ਸ਼ਹਿਰੀਅਤ ਅਤੇ ਆਵਾਸ ਕੈਨੇਡਾ ਕਾਲ ਸੈਂਟਰ
(Citizenship and Immigration Canada (CIC) (Call Centre).......... 9
ਆਵਾਸ ਸੇਵਕ ਸੰਸਥਾਵਾਂ.......... 10
ਸਥਾਪਨ ਸੇਵਾਵਾਂ.......... 10
ਮਿਹਮਾਨ-ਨਿਵਾਜ਼ੀ ਪ੍ਰੋਗਰਾਮ (Host Program).......... 11
ਆਵਾਸ-ਆਬਾਦੀ ਅਤੇ ਜੀਵਨ-ਅਨੁਕੂਲ ਪ੍ਰੋਗਰਾਮ (ISAP).......... 11
ਕੈਨੇਡਾ ਵਿੱਚ ਨਵੇਂ ਆਇਆਂ ਲਈ ਬੋਲੀ ਦੀ ਸਿਖਿਆ (LINC).......... 11
ਸਰਕਾਰੀ ਸੇਵਾਵਾਂ.......... 12

**ਕਿਥੋਂ ਸ਼ੁਰੂ ਕਰੀਏ.......... 13**
ਕਾਗਜ਼ਾਤ ਅਤੇ ਹੋਰ ਪਹਿਚਾਣ (identity) ਲੇਖ-ਪਤੱਰ.......... 13
ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ.......... 13
ਰਹਿਣ ਦੀ ਥਾਂ.......... 14
ਕੈਨੇਡਾ ਦੇ ਸਿੱਕੇ.......... 14
ਖਰੀਦੋ-ਫ਼ਰੋਖਤ.......... 15
ਸ਼ਹਿਰੋਂ ਬਾਹਰ ਜਾਣਾ.......... 15

**ਸਿਹਤ ਸੇਵਾਵਾਂ....................17**
ਸਿਹਤ ਬੀਮਾ ਕਾਰਡ (Health Insurance Card) ਲਈ ਅਰਜ਼ੀ ਦੇਣਾ....................17
ਡਾਕਟਰ ਅਤੇ ਕਲਿਨਿਕ ਦੀ ਭਾਲ....................18
ਸੰਕਟ ਸਹਾਇਤਾ....................18
ਬਚਿਆਂ ਲਈ ਟੀਕੇ....................18
ਬਾਲਗ ਵਿਅਕਤੀਆਂ ਲਈ ਟੀਕੇ....................19
ਡਾਕਟਰੀ ਨਿਗਰਾਨੀ....................19
ਗਰਭ....................19
ਵਧੇਰੇ ਜਾਣਕਾਰੀ ਲਈ… ....................20

**ਆਪਣੇ ਆਪ ਨੂੰ ਸਥਾਪਿਤ ਕਰਨਾ....................21**
ਸਮਾਜਕ ਬੀਮਾ ਨੰਬਰ ਕਾਰਡ (Social Insurance Number Card) ਲਈ ਅਰਜ਼ੀ ਦੇਣਾ....................21
ਕੈਨੇਡਾ ਬਾਲ ਕਰ ਭੱਤੇ (Canada Child Tax Benefit) ਲਈ ਅਰਜ਼ੀ ਦੇਣਾ....................21

**ਰਹਿਣ ਲਈ ਥਾਂ ਦੀ ਭਾਲ....................23**
ਕਰਾਏ ਤੇ ਰਹਿਣਾ....................23
ਕਰਾਏਦਾਰ ਦੇ ਨਾਤੇ ਤੁਹਾਡੇ ਹੱਕ....................23
ਖਰੀਦਣਾ....................24
ਗਰਮੀ ਤੇ ਬਿਜਲੀ (Heat and Hydro)....................25
ਟੈਲੀਫ਼ੋਨ ਲਗਵਾਉਣਾ....................26
ਘਰ ਦਾ ਸਾਮਾਨ....................26
ਵਧੇਰੇ ਜਾਣਕਾਰੀ ਲਈ… ....................26

**ਆਪਣੇ ਪੈਸੇ ਦੀ ਸੰਭਾਲ ਕਰਨਾ....................28**
ਬੈਂਕ ਅਤੇ ਹੋਰ ਮਾਇਕ ਸੰਸਥਾਵਾਂ....................28
ਖਾਤਾ ਖੋਲ੍ਹਣਾ....................28
ਬੈਂਕਿੰਗ ਮਸ਼ੀਨਾ ਦੀ ਵਰਤੋਂ....................28
ਸਿਧੀ ਜਮ੍ਹਾ ....................29
ਪੈਸੇ ਭੇਜਣਾ....................29
ਕਰਜ਼ੇ ਲਈ ਅਰਜ਼ੀ ਦੇਣਾ....................29
ਫ਼ੋਨ ਤੇ ਸਾਮਾਨ ਵੇਚਣਾ (Telemarketing) ....................30
ਵਧੇਰੇ ਜਾਣਕਾਰੀ ਲਈ… ....................30

**ਰੋਜ਼ਗਾਰ ਦੀ ਭਾਲ....................31**
ਆਵਾਸ ਸੇਵਾ ਸੰਸਥਾਵਾਂ ਸਹਾਇਤਾ ਕਰ ਸਕਦੀਆਂ ਹਨ....................31
ਮਨੁੱਖੀ ਸਾਧਨ ਵਿਕਾਸ ਕੈਨੇਡਾ ਦੇ ਦਫ਼ਤਰ
(Human Resources Development Canada offices)....................32

ਅਖਬਾਰ ਅਤੇ ਹੋਰ ਸੋਮਿਆਂ ਦੀ ਵਰਤੋਂ....32
ਲੇਖ-ਪੱਤਰ ਅਤੇ ਬਿਦੇਸ਼ੀ ਸਨਦਾਂ....33
ਤਨਖਾਹ ਮਿਲਣੀ....33
ਆਪਣੇ ਲਈ ਆਪ ਕੰਮ ਕਰਨਾ....34
ਕਾਰ-ਵਿਹਾਰ ਤੇ ਸਫ਼ਰ....34
ਰੋਜ਼ਾਨਾ-ਸੰਭਾਲ....35
ਕਿਰਤੀ ਕਨੂੰਨ ਅਤੇ ਮਨੁੱਖੀ ਹੱਕ....35
ਸ੍ਵੈ-ਸੇਵਾ....37

**ਅੰਗਰੇਜ਼ੀ ਜਾਂ ਫ਼ਰੈਂਚ ਸਿਖਣੀ....38**
ਕੈਨੇਡਾ ਵਿੱਚ ਨਵੇਂ ਆਇਆਂ ਲਈ ਬੋਲੀ ਦੀ ਸਿਖਲਾਈ (LINC)....38
ਵਧੇਰੇ ਜਾਣਕਾਰੀ ਲਈ.......39

**ਸਿਖਿਆ....40**
ਸਕੂਲਾਂ ਦੀ ਭਾਲ....40
ਬਚਿਆਂ ਨੂੰ ਦਾਖਲ ਕਰਵਾਉਣਾ....40
ਬਾਲਗ ਵਿਦਿਆ....41
ਵਧੇਰੇ ਜਾਣਕਾਰੀ ਲਈ.......41

**ਮਹਿਸੂਲਬੰਦੀ (Taxation)....42**
ਆਮਦਨ ਕਰ....42
ਹੋਰ ਟੈਕਸ....42
ਵਧੇਰੇ ਜਾਣਕਾਰੀ ਲਈ.......43

**ਕੈਨੇਡਾ ਦਾ ਕਨੂੰਨ....44**
ਪੁਲੀਸ....44
ਕਨੂੰਨੀ ਸੇਵਾਵਾਂ....44
ਬਚਿਆਂ ਦੇ ਹੱਕ....45
ਇਸਤ੍ਰੀਆਂ ਦੇ ਹੱਕ....45
ਪਰਵਾਰਿਕ ਤਸ਼ਦੱਦ....45
ਬਜ਼ੁਰਗਾਂ ਦੇ ਹੱਕ....46

**ਆਵਾਜਾਈ ਦੇ ਸਾਧਨ....47**
ਚਾਲਕ ਲਾਈਸੈਂਸ ਲੈਣਾ....47
ਕਾਰ ਖਰੀਦਣਾ....47
ਸੀਟ ਬੈਲਟ ਦੀ ਵਰਤੋਂ....48
ਬਚਿਆਂ ਲਈ ਕਾਰ ਸੀਟ....48

ਦੁਰਘਟਨਾ ਸਮੇਂ ........ 48
ਵਧੇਰੇ ਜਾਣਕਾਰੀ ਲਈ… ........ 48

**ਸੰਪਰਕ ਰੱਖਣਾ ........ 50**
ਕੈਨੇਡਾ ਡਾਕ ........ 50
ਵਾਪਸੀ ਰਹਾਇਸ਼ ਆਗਿਆ-ਪੱਤਰ ........ 50

**ਕੈਨੇਡਾ ਦਾ ਵਾਸੀ ਬਨਣਾ ........ 51**
ਨਾਗਰਿਕਤਾ ਦੇ ਹੱਕ ਤੇ ਜ਼ੁਮੇਵਾਰੀਆ ........ 51
ਅਰਜ਼ੀ ਦੇਣਾ ........ 52

**ਕੁਝ ਅੰਤਮ ਸ਼ਬਦ ........ 53**

**ਕੈਨੇਡਾ ਵਿੱਚ ਰਹਿਣਾ: ਤੁਹਾਡੀ ਸੂਚੀ ........ 54**
ਤੁਹਾਡੇ ਪਹਿਲੇ ਕੁਝ ਹਫ਼ਤੇ ........ 54
ਤੁਹਾਡੇ ਪਹਿਲੇ ਕੁਝ ਮਹੀਨੇ ........ 54
ਤੁਹਾਡਾ ਪਹਿਲਾ ਸਾਲ ........ 55

# ਜਾਣਕਾਰੀ ਦੇ ਸੋਮੇ

## ਜਾਣਕਾਰੀ ਕਿਵੇਂ ਲਭੋ

**ਕੈ**ਨੇਡਾ ਦੀ ਸਰਕਾਰ ਨੇ ਤੁਹਾਡੇ ਲਈ – ਕੈਨੇਡਾ ਦੇ ਨਵੇਂ ਆਏ ਵਸਨੀਕ ਲਈ, ਇਸ ਜਾਣਕਾਰੀ ਦੇ ਸੋਮੇ ਦਾ ਨਿਰਮਾਣ ਕੀਤਾ ਹੈ। ਇਸ ਵਿੱਚ ਕੈਨੇਡਾ ਦੇ ਜੀਵਨ ਸਬੰਧੀ ਕੁਝ ਮੂਲ ਜਾਣਕਾਰੀ ਦਿਤੀ ਗਈ ਹੈ। ਬਹੁਤ ਸਾਰੇ ਟੈਲੀਫ਼ੋਨ ਨੰਬਰ ਅਤੇ ਪਤੇ ਇਸ ਪੁਸਤਕ ਵਿੱਚ ਦਿਤੇ ਗਏ ਹਨ ਜੋ ਅਗਲੇ ਕੁਝ ਦਿਨਾਂ ਵਿੱਚ ਤੇ ਆਉਂਦੇ ਸਾਲਾਂ ਵਿੱਚ ਤੁਹਾਡੇ ਕੰਮ ਆਉਣਗੇ। ਇਹ ਤੁਹਾਡੀ ਜ਼ਰੂਰਤ ਪੂਰੀ ਕਰਨ ਵਿੱਚ ਸਹਾਇਤਾ ਕਰਨਗੇ ਜਾਂ ਜਿਥੋਂ ਸਹਾਇਤਾ ਮਿਲ ਸਕਦੀ ਹੈ ਉਸ ਬਾਰੇ ਦਸ ਦੇਣਗੇ।

ਤੁਹਾਨੂੰ ਆਪਣੇ ਨਵੇਂ ਮੁਲਕ ਸਬੰਧੀ ਸਾਧਾਰਣ ਜਾਣਕਾਰੀ ਤਾਂ ਮਿਲ ਚੁਕੀ ਹੋਵੇਗੀ। ਪਰ ਹੁਣ ਤੁਹਾਨੂੰ ਵਧੇਰੇ ਵਿਸ਼ੇਸ਼ ਜਾਣਕਾਰੀ ਦੀ ਲੋੜ ਹੈ। ਜਿਵੇਂ ਬੋਲੀ ਸਿੱਖਣ ਲਈ ਤੁਸੀਂ ਜਮਾਤਾਂ ਕਿੱਥੇ ਲੈ ਸਕਦੇ ਹੋ? ਰਹਿਣ ਲਈ ਘਰ ਕਿਵੇਂ ਮਿਲੇਗਾ? ਕੈਨੇਡਾ ਵਿੱਚ ਨੌਕਰੀ ਦੀ ਭਾਲ ਵਿੱਚ ਕਿੱਥੇ ਜਾਣਾ ਚਾਹੀਦਾ ਹੈ? ਆਪਣੇ ਬਚਿਆਂ ਲਈ ਸਕੂਲ ਬਾਰੇ ਕਿਸ ਤੋਂ ਪੁਛਿਆ ਜਾਏ?

ਇਨ੍ਹਾਂ ਪ੍ਰਸ਼ਨਾਂ ਦੇ ਉਤੱਰ ਤੁਹਾਨੂੰ *ਕੈਨੇਡਾ ਵਿੱਚ ਤੁਹਾਡਾ ਸਵਾਗਤ ਹੈ! (Welcome to Canada!)* ਦੀ ਸਹਾਇਕ ਪੁਸਤਕ ਅਤੇ ਪੈਂਫ਼ਲਟਾਂ ਵਿਚੋਂ ਮਿਲ ਜਾਣਗੇ। ਕੈਨੇਡਾ ਇਕ ਬਹੁਤ ਵਡਾ ਦੇਸ਼ ਹੈ ਅਤੇ ਇਸਦਾ ਹਰ ਪ੍ਰਾਂਤ ਆਪਣੇ ਆਪ ਵਿੱਚ ਵੱਖਰਾ ਹੈ। ਅਸੀਂ ਤੁਹਾਨੂੰ ਲੋੜੀਦੀਂ ਸਾਰੀ ਜਾਣਕਾਰੀ ਤਾਂ ਨਹੀਂ ਦੇ ਸਕਦੇ ਪਰ ਤੁਹਾਨੂੰ ਉਨ੍ਹਾਂ ਵਿਭਾਗਾਂ, ਏਜੰਸੀਆ ਅਤੇ ਸੰਸਥਾਵਾ ਬਾਰੇ ਦਸਾਂਗੇ ਜੋ ਤੁਹਾਡੀ ਸਹਾਇਤਾ ਕਰ ਸਕਣਗੀਆਂ। ਕੁਝ ਤਾਂ ਤੁਹਾਡੀ ਆਪ ਹੀ ਮਦਦ ਕਰ ਦੇਣਗੇ ਅਤੇ ਕੁਝ ਹੋਰ ਤੁਹਾਨੂੰ ਜਿਥੋਂ ਸਹਾਇਤਾ ਮਿਲ ਸਕਦੀ ਹੈ ਉਸ ਬਾਰੇ ਦਸ ਦੇਣਗੇ।

ਆਵਾਸੀ-ਸੇਵਕ ਸੰਸਥਾਵਾਂ ਤੁਹਾਨੂੰ ਕੈਨੇਡਾ ਦੇ ਸਮਾਜ ਦਾ ਭਾਗ ਬਨਣ ਵਿੱਚ ਸਹਾਇਤਾ ਕਰਨਗੀਆਂ। ਇਨ੍ਹਾਂ ਦੀਆਂ ਬਹੁਤੀਆਂ ਸੇਵਾਵਾਂ ਮੁਫ਼ਤ ਹਨ। ਕਿਸੇ ਵੀ ਆਵਾਸੀ ਸੰਸਥਾ ਨਾਲ ਸੰਪਰਕ ਕਰਕੇ ਪਤਾ ਕਰੋ ਕਿ ਉਹ ਕਿਹੜੀਆਂ ਕਿਹੜੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਕੁ ਸੰਸਥਾਵਾਂ ਦੇ ਪਤੇ ਅਤੇ ਟੈਲੀਫ਼ੋਨ ਨੰਬਰ ਤੁਹਾਨੂੰ ਪੈਂਫ਼ਲਟ *ਆਪਣੇ ਭਾਈਚਾਰੇ ਵਿੱਚ ਸਹਾਇਤਾ ਲਭਣੀ (Finding Help in Your Community),* ਵਿਚੋਂ ਮਿਲ ਜਾਣਗੇ। ਇਹ ਇਸ ਪੁਸਤਕ ਦੀ ਪਿਛਲੀ ਜਿਲਦ ਵਿੱਚ ਤੁਹਾਨੂੰ ਪਿਆ ਮਿਲੇਗਾ। ਬਹੁਤ ਸਾਰੀਆਂ ਸੰਸਥਾਵਾਂ ਵੱਖ ਵੱਖ ਆਵਾਸੀ ਸੇਵਾਵਾਂ ਤੇ ਸਮੂਹਾਂ ਦੀ ਨੁਮਾਇੰਦਗੀ ਕਰਦੀਆਂ ਹਨ, ਇਸ ਲਈ ਇਨ੍ਹਾਂ ਤੋਂ ਲੋੜੀਦੀਂ ਜਾਣਕਾਰੀ ਲੈਣਾ ਅਰੰਭ ਕਰਨਾ ਯੋਗ ਹੈ।

ਕੈਨੇਡਾ ਦੀ ਸਰਕਾਰ ਦੇ ਤਿੰਨ ਭਾਗ – ਕੇਂਦਰੀ, ਪ੍ਰਾਂਤਕ ਅਤੇ ਮਿਊਨਸਿਪਲ – ਵੀ ਨਵੇਂ ਆਏ ਵਿਅਕਤੀਆਂ ਲਈ ਕਈ ਪ੍ਰਕਾਰ ਦੇ ਸਹਾਇਕ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ। ਕੌਣ ਕਿਹੜਾ ਪ੍ਰੋਗਰਾਮ ਤੇ ਕਿਹੜੀ ਸੇਵਾ ਦੇਵੇਗਾ - ਸਮੁੱਚੇ ਕੈਨੇਡਾ ਵਿੱਚ ਇਹ ਹਰ ਥਾਂ ਫ਼ਰਕ ਹੈ ਕਿਉਂਕਿ ਕੇਂਦਰੀ ਸਰਕਾਰ ਨਾਲ ਹਰ ਪ੍ਰਾਂਤ ਦੇ ਆਵਾਸ ਸਬੰਧੀ ਸਮਝੌਤਿਆਂ ਵਿੱਚ ਅੰਤਰ ਹੈ। ਆਮ ਤੌਰ ਤੇ ਵਰਤੇ ਜਾਣ ਵਾਲੇ ਸਰਕਾਰੀ ਟੈਲੀਫ਼ੋਨ ਨੰਬਰ ਪੈਂਫ਼ਲਟ *ਮਹੱਤਵ ਪੂਰਨ ਜਾਣਕਾਰੀ ਦੇ ਸੋਮੇ (Key Information Sources)* ਵਿੱਚ ਦਰਜ ਕੀਤੇ ਗਏ ਹਨ ਜੋ ਇਸ ਪੁਸਤਕ ਦੀ ਪਿਛਲੀ ਜਿਲਦ ਵਿੱਚ ਸ਼ਾਮਲ ਹੈ। ਆਪਣੇ ਇਲਾਕੇ ਵਿੱਚ ਮੁਫ਼ਤ ਮਿਲਦੀ ਬੋਲੀ ਦੀ ਸਿਖਲਾਈ ਬਾਰੇ ਜਾਣਨ ਲਈ,

ਮਿਹਰਬਾਨੀ ਕਰਕੇ ਪੈਂਫ਼ਲਟ *ਭਾਸ਼ਾ ਸਿਖਲਾਈ (Language Training)* ਦੇਖੋ, ਉਹ ਵੀ ਇਸ ਪੁਸਤਕ ਦੀ ਪਿਛਲੀ ਜਿਲਦ ਵਿੱਚ ਸ਼ਾਮਲ ਹੈ।

ਕੂਬੈਕ ਆਪਣੇ ਆਵਾਸ ਸਬੰਧੀ ਪ੍ਰੋਗਰਾਮਾਂ ਦੇ ਬਹੁਤ ਸਾਰੇ ਮਹਤਵਪੂਰਨ ਭਾਗਾਂ ਦੀ ਦੇਖ ਰੇਖ ਆਪਣੇ ਆਪ ਕਰਦਾ ਹੈ, ਇਸ ਲਈ ਇਸ ਸੂਚਕ ਪੁਸਤਕ ਵਿੱਚ ਇਸ ਪ੍ਰਾਂਤ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਸਬੰਧੀ ਵੇਰਵਾ ਦੇਣ ਦਾ ਉਪਰਾਲਾ ਨਹੀਂ ਕੀਤਾ ਗਿਆ। ਜੇ ਤੁਸੀਂ ਕੂਬੈਕ ਵਿੱਚ ਜਾਣ ਦਾ ਮਨ ਬਣਾ ਰਹੇ ਹੋ ਤਾਂ ਤੁਸੀਂ ਉਨ੍ਹਾਂ ਦੀ ਨਵੇਂ ਆਏ ਵਿਅਕਤੀਆਂ ਲਈ ਸੂਚਕ ਪੁਸਤਕ *Vivre au QUEBEC!* ਲੈਣ ਦਾ ਯਤਨ ਕਰੋ। ਇਹ ਪੁਸਤਕ ਤੁਹਾਨੂੰ *ministere des Relations avec les citoyens et de l'Immigration (MRCI)* ਤੋਂ ਮਿਲ ਸਕਦੀ ਹੈ। ਆਪਣੇ ਇਲਾਕੇ ਦੇ MRCI ਦੇ ਟੈਲੀਫ਼ੋਨ ਨੰਬਰ ਤੁਹਾਨੂੰ ਪੈਂਫ਼ਲਟ *ਮਹੱਤਵ ਪੂਰਨ ਜਾਣਕਾਰੀ ਦੇ ਸੋਮੇ (Key Information Sources)* ਅਤੇ *ਆਪਣੇ ਭਾਈਚਾਰੇ ਵਿੱਚ ਸਹਾਇਤਾ ਲਭਣੀ (Finding Help in Your Community)* ਵਿੱਚ ਮਿਲ ਜਾਣਗੇ ਜੋ ਇਸ ਪੁਸਤਕ ਦੀ ਪਿਛਲੀ ਜਿਲਦ ਵਿੱਚ ਰਖੇ ਗਏ ਹਨ।

ਗੁਰਦੁਆਰੇ, ਮੰਦਰ, ਭਾਈਚਾਰਕ ਸਮੂਹ, ਜਾਤੀ ਸੰਸਥਾਵਾਂ ਅਤੇ ਨਵੇਂ ਆਇਆਂ ਲਈ ਕਲਬਾਂ ਜੋ ਤੁਹਾਡੀ ਸਹਾਇਤਾ ਕਰ ਸਕਦੀਆਂ ਹਨ, ਸੰਭਵ ਹੈ ਉਹ ਤੁਹਾਡੇ ਗੁਆਂਡ ਵਿੱਚ ਹੀ ਹੋਣ।

ਯਾਦ ਰਹੇ ਕਿ ਇਹ ਜਾਣਕਾਰੀ ਤੇ ਸੇਵਾਵਾਂ ਹਰ ਥਾਂ ਤੇ ਫ਼ਰਕ ਫ਼ਰਕ ਹੋ ਸਕਦੀਆਂ ਹਨ। ਇਸ ਪੁਸਤਕ ਅਤੇ ਨਾਲ ਦਿਤੇ ਗਏ ਪੈਂਫ਼ਲਟਾ ਦਾ ਵਧ ਤੋਂ ਵਧ ਲਾਭ ਉਠਾਉਣ ਲਈ ਅਸੀਂ ਤੁਹਾਨੂੰ ਸਲਾਹ ਦਿਆਂਗੇ ਕਿ ਤੁਸੀਂ:

- ਆਪਣੇ ਭਾਈਚਾਰੇ ਦਾ ਨਕਸ਼ਾ ਪ੍ਰਾਪਤ ਕਰੋ;
- ਸਥਾਨਕ ਟੈਲੀਫ਼ੋਨ ਦੀ ਕਿਤਾਬ ਹਾਸਲ ਕਰੋ; ਅਤੇ
- ਆਪਣੇ ਭਾਈਚਾਰੇ ਵਿੱਚ ਸਥਿਤ ਆਵਾਸ-ਸੇਵਾ ਸੰਸਥਾ ਨਾਲ ਸੰਪਰਕ ਪੈਦਾ ਕਰੋ।

ਇਹ ਸੂਚਕ ਪੁਸਤਕ ਅਤੇ ਆਵਾਸ-ਸੇਵਾ ਸੰਸਥਾ ਦੋਵੇਂ ਮਿਲ ਕੇ ਤੁਹਾਨੂੰ ਇੱਥੇ ਆਬਾਦ ਹੋਣ ਵਿੱਚ ਚੁੱਕੇ ਹਰ ਜ਼ਰੂਰੀ ਕਦਮ ਤੇ ਸਹਾਇਤਾ ਕਰ ਸਕਦੇ ਹਨ। ਜੋ ਜਾਣਕਾਰੀ ਤੁਹਾਡੇ ਕੋਲ ਨਹੀਂ ਹੈ ਅਤੇ ਜਿਨ੍ਹਾਂ ਸੇਵਾਵਾਂ ਦੀ ਤੁਹਾਨੂੰ ਜ਼ਰੂਰਤ ਹੈ, ਇਹ ਸਭ ਕੁਝ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਸਭ ਤੋਂ ਪਹਿਲਾਂ ਕਰਨ ਵਾਲੇ ਜ਼ਰੂਰੀ ਕੰਮਾ ਦੀ ਸੂਚੀ ਵੀ *ਕੈਨੇਡਾ ਵਿੱਚ ਤੁਹਾਡਾ ਸਵਾਗਤ ਹੈ!* ਵਿੱਚ ਦਿਤੀ ਗਈ ਹੈ।

## ਥਾਵਾਂ ਲਭਣੀਆਂ

ਜਿਸ ਇਲਾਕੇ ਵਿੱਚ ਤੁਸੀਂ ਰਹਿਣਾ ਹੈ ਉਸਦਾ ਨਕਸ਼ਾ ਪ੍ਰਾਪਤ ਕਰਨਾ ਲਾਭਵੰਦ ਸਿਧ ਹੋ ਸਕਦਾ ਹੈ। ਇਸ ਨਾਲ ਤੁਸੀਂ ਆਪਣੇ ਆਲੇ ਦੁਆਲੇ ਤੋਂ ਜਾਣੂ ਹੋ ਸਕਦੇ ਹੋ ਅਤੇ ਜਿਨ੍ਹਾਂ ਸੇਵਾਵਾਂ ਦੀ ਤੁਹਾਨੂੰ ਜ਼ਰੂਰਤ ਹੈ ਉਹ ਥਾਵਾਂ ਲਭ ਸਕਦੇ ਹੋ। ਕਾਫ਼ੀ ਕਿਤਾਬਾਂ ਦੀਆਂ ਦੁਕਾਨਾਂ, ਗੈਸ ਸਟੇਸ਼ਨ ਅਤੇ ਛੋਟੇ ਸਹੂਲੀਅਤ ਸਟੋਰ (Convenience Store) ਵਾਜਬ ਕੀਮਤਾ ਤੇ ਨਕਸ਼ੇ ਵੇਚਦੇ ਹਨ। ਆਪਣੇ ਭਾਈਚਾਰੇ ਦਾ ਨਕਸ਼ਾ ਤੁਹਾਨੂੰ ਸਥਾਨਕ ਚੇਂਬਰ ਆਫ ਕਾਮਰਸ ਜਾਂ ਮਿਊਨਿਸਿਪਲ ਦਫ਼ਤਰ ਤੋਂ ਮੁਫ਼ਤ ਵੀ ਮਿਲ ਸਕਦਾ ਹੈ। ਲਾਇਬ੍ਰੇਰੀ ਵਿੱਚ ਵੀ ਤੁਸੀਂ ਨਕਸ਼ਾ ਬਿਨਾ ਕੋਈ ਕੀਮਤ ਦਿਤੇ ਦੇਖ ਸਕਦੇ ਹੋ ਪਰ ਇਹ ਤੁਸੀਂ ਲਾਇਬ੍ਰੇਰੀ ਤੋਂ ਬਾਹਰ ਨਹੀਂ ਲੈ ਜਾ ਸਕਦੇ।

## ਟੈਲੀਫ਼ੋਨ ਦੀ ਵਰਤੋਂ

ਗ਼ਲ ਬਾਤ ਕਰਨ ਲਈ ਕੈਨੇਡਾ ਵਾਸੀ ਟੈਲੀਫ਼ੋਨ ਦੀ ਵਰਤੋਂ ਕਰਨਾ ਪਸੰਦ ਕਰਦੇ ਹਨ। ਹਰ ਜਗ੍ਹਾ ਤੋਂ ਉਹ ਟੈਲੀਫ਼ੋਨ ਤੇ ਗਲ ਕਰ ਸਕਦੇ ਹਨ – ਘਰ ਅੰਦਰ, ਕਾਰ ਵਿੱਚ, ਗਲੀ ਵਿੱਚ, ਟੈਲੀਫ਼ੋਨ ਬੂਥ ਵਿੱਚ। ਟੈਲੀਫ਼ੋਨ ਦੀਆਂ ਕਿਤਾਬਾਂ ਜਾਣਕਾਰੀ ਦਾ ਇਕ ਬਹੁਤ ਵਡਾ ਸੋਮਾ ਹਨ। ਬਹੁਤ ਸਾਰੇ ਜ਼ਰੂਰੀ ਟੈਲੀਫ਼ੋਨ ਨੰਬਰ ਤੁਹਾਨੂੰ ਟੈਲੀਫ਼ੋਨ ਦੀ ਕਿਤਾਬ ਵਿੱਚ ਅੱਖਰਾਂ ਦੀ ਤਰਤੀਬ ਅਨੁਸਾਰ ਮਿਲ ਸਕਦੇ ਹਨ। ਇਹ ਤੁਹਾਨੂੰ ਉਸ ਟੈਲੀਫ਼ੋਨ ਕੰਪਨੀ ਵਲੋਂ ਮਿਲ ਜਾਏਗੀ ਜੋ ਤੁਹਾਡੇ ਘਰ ਟੈਲੀਫ਼ੋਨ ਲਗਾਏਗੀ। ਫ਼ੋਨਸੈਂਟਰ ਤੋਂ ਵੀ ਤੁਸੀਂ ਇਹ ਲੈ ਸਕਦੇ ਹੋ। ਇਹ ਫ਼ੋਨਸੈਂਟਰ ਅਕਸਰ ਵਡੀਆਂ ਸ਼ਾਪਿੰਗ ਮਾਲਾਂ ਵਿੱਚ ਹੁੰਦੇ ਹਨ। ਟੈਲੀਫ਼ੋਨ ਕਿਤਾਬਾਂ, ਲਾਇਬ੍ਰੇਰੀ ਅਤੇ ਪੈਸੇ ਪਾ ਕੇ ਟੈਲੀਫ਼ੋਨ ਕਰਨ ਵਾਲੀ ਥਾਂ ਤੋਂ ਵੀ ਮਿਲ ਜਾਂਦੀਆ ਹਨ।

**ਘਰ ਵਿੱਚ:** ਹਰ ਮਹੀਨੇ ਟੈਲੀਫ਼ੋਨ ਸੇਵਾ ਲਈ ਤੁਸੀਂ ਇਕ ਮੂਲ ਰਕਮ ਅਦਾ ਕਰਦੇ ਹੋ। ਇਹ ਸਥਾਨਕ (ਸ਼ਹਿਰ ਵਿੱਚ) ਟੈਲੀਫ਼ੋਨ ਦੀ ਵਰਤੋਂ ਦੇ ਖਰਚ ਦੀ ਅਦਾਇਗੀ ਹੈ। ਹਰ ਵਾਰੀ ਦੂਰ ਟੈਲੀਫ਼ੋਨ ਕਰਨ ਦਾ ਤੁਹਾਨੂੰ ਵਖਰਾ ਬਿਲ ਦੇਣਾ ਪਵੇਗਾ। ਦੂਰ ਟੈਲੀਫ਼ੋਨ ਕਰਨ ਤੋਂ ਭਾਵ ਉਨ੍ਹਾਂ ਨੰਬਰਾ ਤੇ ਫ਼ੋਨ ਕਰਨਾ ਹੈ ਜੋ ਤੁਹਾਡੇ ਸ਼ਹਿਰ ਤੋਂ ਬਾਹਰ ਹਨ।

**ਘਰ ਤੋਂ ਦੂਰ:** ਬਹੁਤ ਸਾਰੇ ਪ੍ਰਾਂਤਾ ਵਿੱਚ ਇਕ ਕਾਲ ਲਈ 25 ਸੈਂਟ ਪਾ ਕੇ ਤੁਸੀਂ ਪੈਸੇ ਪਾ ਕੇ ਟੈਲੀਫ਼ੋਨ ਕਰਨ ਵਾਲੀ ਥਾਂ ਤੋਂ ਟੈਲੀਫ਼ੋਨ ਕਰ ਸਕਦੇ ਹੋ। ਇਹ ਤੁਹਾਨੂੰ ਕਾਫ਼ੀ ਜਨਤਕ ਸਥਾਨਾਂ ਤੇ ਲਗੇ ਮਿਲ ਜਾਣਗੇ। ਜੇ ਤੁਹਾਨੂੰ ਟੈਲੀਫ਼ੋਨ ਨੰਬਰ ਦਾ ਪਤਾ ਨਾ ਹੋਵੇ ਤਾਂ ਤੁਸੀਂ 411 ਨੰਬਰ ਮਿਲਾ ਕੇ ਓਪਰੇਟਰ ਤੋਂ ਨੰਬਰ ਪੁੱਛ ਸਕਦੇ ਹੋ। ਇਹ ਨੰਬਰ ਵਰਤਣ ਤੇ ਤੁਹਾਨੂੰ ਪੈਸੇ ਦੇਣੇ ਪੈਣਗੇ। ਤੁਸੀਂ ਟੈਲੀਫ਼ੋਨ ਕਾਰਡ ਵੀ ਖਰੀਦ ਸਕਦੇ ਹੋ ਜੋ ਤੁਸੀਂ ਕਿਧਰੇ ਵੀ ਟੈਲੀਫ਼ੋਨ ਕਰਨ ਲਈ ਕਿਸੇ ਵੀ ਟੈਲੀਫ਼ੋਨ ਤੋਂ ਜਿਸ ਵਿੱਚ ਜਨਤਕ ਟੈਲੀਫ਼ੋਨ ਵੀ ਸ਼ਾਮਲ ਹਨ, ਵਰਤ ਸਕਦੇ ਹੋ।

## ਟੈਲੀਫ਼ੋਨ ਕਿਤਾਬ

ਕੈਨੇਡਾ ਵਿੱਚ ਟੈਲੀਫ਼ੋਨ ਕਿਤਾਬਾਂ ਚਿੱਟੇ, ਨੀਲੇ, ਅਤੇ ਪੀਲੇ ਸਫ਼ਿਆਂ ਵਿੱਚ ਮਿਲਦੀਆਂ ਹਨ। ਚਿੱਟੇ ਸਫ਼ਿਆਂ ਵਿੱਚ ਤੁਹਾਡੇ ਨੇੜੇ ਅਤੇ ਆਸ ਪਾਸ ਦੇ ਇਲਾਕੇ ਵਿੱਚ ਘਰਾਂ ਦੇ ਅਤੇ ਕਾਰ ਵਿਹਾਰਾਂ ਦੇ ਟੈਲੀਫ਼ੋਨ ਨੰਬਰ ਦਿਤੇ ਹੁੰਦੇ ਹਨ। ਨੀਲੇ ਸਫ਼ਿਆਂ ਵਿੱਚ ਸਰਕਾਰੀ ਨੰਬਰ ਦਰਜ ਕੀਤੇ ਗਏ ਹਨ। ਰੈਸਟੋਰੈਂਟਸ, ਸੇਵਾਵਾਂ, ਸਟੋਰਜ਼, ਅਤੇ ਹੋਰ ਕਾਰ ਵਿਹਾਰਾਂ ਦੇ ਨੰਬਰ ਪੀਲੇ ਸਫ਼ਿਆਂ ਵਿੱਚ ਦਿਤੇ ਗਏ ਹਨ। ਇਹ ਨੰਬਰ ਵਿਸ਼ੇ ਜਾਂ ਵਸਤੂ ਅਨੁਸਾਰ ਦਰਜ ਕੀਤੇ ਗਏ ਹਨ।

ਟੈਲੀਫ਼ੋਨ ਕਿਤਾਬ ਦੇ ਅਰੰਭਕ ਭਾਗ ਵਿੱਚ ਸੰਕਟ (emergency) ਸਮੇਂ ਵਰਤਣ ਵਾਲੇ ਨੰਬਰ ਦਿਤੇ ਗਏ ਹਨ ਜਿਵੇਂ ਅੱਗ ਬੁਝਾਓਣ ਵਾਲਾ ਵਿਭਾਗ ਅਤੇ ਐਂਬੂਲੈਂਸ ਸੇਵਾਵਾਂ। ਇਨ੍ਹਾਂ ਵਿੱਚ ਸਭ ਤੋਂ ਵਧ ਜ਼ਰੂਰੀ ਨੰਬਰ 911 ਹੈ ਜੋ ਬਹੁਤ ਪ੍ਰਾਤਾਂ ਵਿੱਚ ਲਾਗੂ ਹੁੰਦਾ ਹੈ। ਜ਼ਿੰਦਗੀ ਮੌਤ ਵਰਗੀ ਸੰਕਟ ਸਥਿਤੀ ਸਮੇਂ ਤੁਸੀਂ ਇਸ ਨੰਬਰ ਦੀ ਵਰਤੋਂ ਕਰ ਸਕਦੇ ਹੋ।

ਟੈਲੀਫ਼ੋਨ ਕਿਤਾਬ ਦੇ ਚਿੱਟੇ ਸਫ਼ਿਆਂ ਵਿੱਚ ਘਰਾਂ ਅਤੇ ਕਾਰ ਵਿਹਾਰਾਂ ਦੇ ਨੰਬਰ ਅੰਗ੍ਰੇਜ਼ੀ ਅੱਖਰਾਂ ਅਨੁਸਾਰ ਕ੍ਰਮਵਾਰ A ਤੋਂ Z ਤਕ ਦਰਜ ਕੀਤੇ ਗਏ ਹਨ। ਨਾਵਾਂ ਵਿੱਚ ਪਹਿਲਾਂ ਪਿਛਲਾ ਨਾਮ ਵਰਤਿਆ ਗਿਆ ਹੈ ਜਿਵੇਂ ਜਸਵੰਤ ਸਿੰਘ ਮਲਹੋਤਰਾ ਦਾ ਨਾਮ ਲੱਭਣ ਲਈ ਪਹਿਲਾਂ M ਹੇਠਾਂ Malhotra ਦਾ ਨਾਮ ਦੇਖੋ।

ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਦੇ ਭਾਗ ਵਿੱਚ ਕੈਨੇਡਾ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਨੰਬਰ ਦਿਤੇ ਗਏ ਹਨ ਜਿਵੇਂ ਕੇਂਦਰੀ, ਪ੍ਰਾਂਤਕ, ਮਿਊਨਸਿਪਲ ਅਤੇ ਖੇਤਰੀ ਸਰਕਾਰਾਂ। ਅਕਸਰ ਵਰਤੇ ਜਾਣ ਵਾਲੇ ਸਰਕਾਰੀ ਨੰਬਰਾ ਲਈ ਦੇਖੋ ਪੈਂਫ਼ਲਟ *ਮਹੱਤਵ ਪੂਰਨ ਜਾਣਕਾਰੀ ਦੇ ਸੋਮੇ (Key Information Sources)* ਜੋ ਇਸ ਸੂਚਕ ਪੁਸਤਕ ਦੀ ਪਿਛਲੀ ਜਿਲਦ ਵਿੱਚ ਤੁਹਾਨੂੰ ਮਿਲੇਗਾ।

ਕੈਨੇਡਾ ਦੇ ਕੁਝ ਵਡੇ ਸ਼ਹਿਰਾਂ ਵਿੱਚ ਪੀਲੇ ਸਫ਼ੇ ਤੁਹਾਨੂੰ ਟੈਲੀਫ਼ੋਨ ਦੀ ਵੱਖਰੀ ਕਿਤਾਬ ਵਿੱਚ ਮਿਲਣਗੇ।

## ਕਾਲ ਸੈਂਟਰਜ਼ ਤੇ ਟਚ-ਟੋਨ ਟੈਲੀਫ਼ੋਨ

ਕਈ ਕਾਰ ਵਿਹਾਰਾਂ ਤੇ ਸਰਕਾਰੀ ਵਿਭਾਗਾਂ ਨੇ ਆਮ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਸਬੰਧੀ ਬਹੁ-ਗਿਣਤੀ ਵਿੱਚ ਟੈਲੀਫ਼ੋਨ ਆਉਣ ਕਾਰਨ "ਕਾਲ ਸੈਂਟਰਜ਼" (Call Centres) ਦੀ ਸਥਾਪਨਾ ਕੀਤੀ ਹੈ। ਕਾਲ ਸੈਂਟਰਜ਼ ਵਿੱਚ ਤੁਹਾਡੇ ਸੁਆਲਾਂ ਦੇ ਜੁਆਬ ਦੇਣ ਲਈ ਰਿਕਾਰਡ ਕੀਤੇ ਗਏ ਸੁਨੇਹਿਆਂ ਦੀ ਇਕ ਲੜੀ ਹੁੰਦੀ ਹੈ। ਤੁਸੀਂ ਆਪਣੇ ਟਚ-ਟੋਨ ਟੈਲੀਫ਼ੋਨ (ਬੱਟਨ ਦਬਾਉਣ ਵਾਲਾ ਟੈਲੀਫ਼ੋਨ) ਤੇ ਨੰਬਰ, ਅੱਖਰ ਅਤੇ ਚਿੰਨ੍ਹ ਵਾਲੇ ਬੱਟਨ ਦਬਾ ਕੇ ਇਹ ਸੁਨੇਹੇ ਸੁਣ ਸਕਦੇ ਹੋ। ਕਾਲ ਸੈਂਟਰ ਤੋਂ ਸੁਨੇਹਾ ਤੁਹਾਨੂੰ ਦਸੇਗਾ ਕਿ ਤੁਸੀਂ ਆਪਣੇ ਟੈਲੀਫ਼ੋਨ ਦੇ ਕਿਸ ਬੱਟਨ ਨੂੰ ਦਬਾ ਕੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਜੇ ਤੁਸੀਂ ਪਹਿਲੀ ਵਾਰ ਉਕ ਜਾਓ ਤਾਂ ਸੁਨੇਹਾ ਤੁਹਾਨੂੰ ਦਸੇਗਾ ਕਿ ਦੁਬਾਰਾ ਕਿਹੜਾ ਬੱਟਨ ਦਬਾ ਕੇ ਤੁਸੀਂ ਦੁਬਾਰਾ ਉਹੀ ਸੂਚਨਾ ਫ਼ਿਰ ਸੁਣ ਸਕਦੇ ਹੋ। ਸੁਨੇਹਿਆਂ ਦੀ ਇਸ ਲੜੀ ਨੂੰ "ਮੈਨਿਯੂ" ਕਹਿੰਦੇ ਹਨ। ਇਸ ਵਿਚੋਂ ਚੁਣਕੇ ਤੁਸੀਂ ਆਪਣੀ ਜ਼ਰੂਰਤ ਦੀ ਜਾਣਕਾਰੀ ਲਈ ਮੰਗ ਕਰ ਸਕਦੇ ਹੋ।

ਕੁਝ ਕਾਲ ਸੈਂਟਰਜ਼ ਵਿੱਚ ਟੈਲੀਫ਼ੋਨ ਦੇ ਬੱਟਨ ਦਬਾ ਕੇ ਤੁਸੀਂ ਆਪ ਵੀ ਜਾਣਕਾਰੀ ਭਰ ਸਕਦੇ ਹੋ।

ਯਾਦ ਰਹੇ: "ਪਊਂਡ" (pound) ਬੱਟਨ ਉਹ ਬੱਟਨ ਹੈ ਜੋ (#) ਇਸ ਤਰ੍ਹਾਂ ਦਾ ਲਗਦਾ ਹੈ। "ਸਟਾਰ" (star) ਬੱਟਨ ਦੀ ਸ਼ਕਲ ਇਹ (*) ਹੈ।

## ਸੰਕਟ ਨੰਬਰ 911

ਜੇ ਤੁਹਾਨੂੰ ਆਪਣੀ ਜਾਂ ਪ੍ਰਵਾਰ ਦੇ ਕਿਸੇ ਜੀਅ ਦੀ ਜ਼ਿੰਦਗੀ ਨੂੰ ਖਤਰਾ ਮਹਿਸੂਸ ਹੁੰਦਾ ਹੋਵੇ ਤਾਂ ਤੁਹਾਨੂੰ ਸਥਾਨਕ ਸੰਕਟ ਨੰਬਰ ਮਿਲਾ ਕੇ ਸਹਾਇਤਾ ਲਈ ਮੰਗ ਕਰਨੀ ਚਾਹੀਦੀ ਹੈ। ਕੈਨੇਡਾ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਇਹ ਨੰਬਰ 911 ਹੈ। ਇਸ ਨਾਲ ਤੁਹਾਡਾ ਸੰਪਰਕ ਬਹੁਤ ਜਲਦੀ ਐਂਬੂਲੈਂਸ, ਅੱਗ ਬੁਝਾਉਣ ਵਾਲੇ ਵਿਭਾਗ, ਪੁਲੀਸ, ਅਤੇ ਹੋਰ ਸੰਕਟ ਸੇਵਾਵਾਂ ਨਾਲ ਸਥਾਪਤ ਹੋ ਜਾਂਦਾ ਹੈ। ਉਹ ਭਾਈਚਾਰੇ ਜੋ 911 ਨੰਬਰ ਨਾਲ ਨਹੀਂ ਜੁੜੇ ਹੋਏ ਉਥੇ 0 ਮਿਲਾ ਕੇ ਓਪਰੇਟਰ ਤੋਂ ਸਹਾਇਤਾ ਦੀ ਮੰਗ ਕਰੋ। ਹੋਰ ਡਾਕਟਰੀ ਸਹਾਇਤਾ ਲਈ ਸੰਕਟ ਨੰਬਰ ਟੈਲੀਫ਼ੋਨ ਕਿਤਾਬ ਦੇ ਅਰੰਭਕ ਕੁਝ ਚਿੱਟੇ ਸਫ਼ਿਆਂ ਵਿੱਚ ਦਿਤੇ ਹੋਏ ਹਨ। ਇਨ੍ਹਾਂ ਵਿੱਚ ਅਜਿਹੇ ਨੰਬਰ ਸ਼ਾਮਲ ਹਨ ਜਿਵੇਂ ਜ਼ਹਿਰ ਸਬੰਧੀ ਸੂਚਨਾ ਨੰਬਰ, ਸੰਕਟ ਜਾਂ ਲਿੰਗੀ ਦੁਰਵਿਵਹਾਰ ਲਈ ਸਹਾਇਕ ਲਾਈਨ, ਅਤੇ ਇਕ ਅਜਿਹਾ ਨੰਬਰ ਵੀ ਹੈ ਜੋ ਤੁਸੀਂ ਉਸ ਵੇਲੇ ਵਰਤਣਾ ਹੈ ਜਦੋਂ ਤੁਹਾਨੂੰ ਜਾਂ ਤੁਹਾਡੇ ਪ੍ਰਵਾਰ ਦੇ ਕਿਸੇ ਜੀਅ ਨਾਲ ਕੋਈ ਬੁਰੀ ਤਰ੍ਹਾਂ ਪੇਸ਼ ਆ ਰਿਹਾ ਹੋਵੇ।

## ਆਵਾਜ਼ ਪਤੱਰ

ਬਹੁਤ ਕੈਨੇਡਾ ਵਾਸੀਆਂ, ਕਾਰ ਵਿਹਾਰਾਂ ਤੇ ਵਿਭਾਗਾਂ ਕੋਲ ਕਿਸੇ ਨਾ ਕਿਸੇ ਕਿਸਮ ਦੀ ਜੁਆਬਦੇਹ ਮਸ਼ੀਨ (answering machine) ਜਾਂ ਸੇਵਾ ਹੁੰਦੀ ਹੈ ਜੋ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਲਈ ਸੁਨੇਹੇ ਲੈ ਲੈਂਦੀ ਹੈ। ਟੈਲੀਫ਼ੋਨ ਦੀ ਘੰਟੀ ਕਈ ਵਾਰ ਵਜ ਸਕਦੀ ਹੈ, ਤੇ ਫ਼ਿਰ ਇਕ ਰਿਕਾਰਡ ਕੀਤਾ ਹੋਇਆ ਸੰਦੇਸ਼ ਤੁਹਾਨੂੰ ਆਖੇਗਾ ਕਿ ਤੁਸੀਂ ਆਪਣਾ ਨਾਮ, ਟੈਲੀਫ਼ੋਨ ਨੰਬਰ ਅਤੇ ਇਕ ਸੰਖੇਪ ਸੁਨੇਹਾ ਛੱਡ ਦਿਓ। ਤੁਸੀਂ ਥੋੜੀ ਜਿਹੀ ਚੁੱਪ ਤੋਂ ਬਾਦ ਪੀ ਪੀ ਦੀ ਆਵਾਜ਼ ਸੁਣੋਗੇ। ਇਸ ਸਮੇਂ ਬੋਲ ਕੇ ਤੁਸੀਂ ਆਪਣਾ ਸੁਨੇਹਾ ਛੱਡ ਦਿਓ ਪਰ ਇਹ ਯਾਦ ਰਖੱਣਾ ਕਿ ਤੁਸੀਂ ਸਾਫ਼ ਤੇ ਹੌਲੀ ਹੌਲੀ ਬੋਲਣਾ ਹੈ। ਆਪਣਾ ਟੈਲੀਫ਼ੋਨ ਨੰਬਰ ਤੁਸੀਂ ਚਾਹੋ ਤਾਂ ਦੋ ਵਾਰੀ ਵੀ ਬੋਲ ਸਕਦੇ ਹੋ।

## ਪੈਸੇ ਪਾਉਣ ਵਾਲੇ ਫ਼ੋਨ

ਜਦੋਂ ਤੁਸੀਂ ਘਰ ਤੋਂ ਬਾਹਰ ਹੋਵੋ ਜਾਂ ਤੁਹਾਡਾ ਆਪਣਾ ਟੈਲੀਫ਼ੋਨ ਅਜੇ ਨਾ ਲਗਾ ਹੋਵੇ ਤਾਂ ਸੰਭਵ ਹੈ ਤੁਸੀਂ ਜਨਤਕ ਟੈਲੀਫ਼ੋਨ ਵਰਤਣਾ ਚਾਹੋ। ਉਹ ਸਭ ਥਾਵਾਂ ਜਿੱਥੇ ਬਹੁਤ ਲੋਕ ਹੁੰਦੇ ਹਨ ਜਿਵੇਂ ਸ਼ਹਿਰ ਵਿੱਚ ਸੜਕਾਂ ਦੇ ਕਿਨਾਰੇ, ਸ਼ਾਪਿੰਗ ਮਾਲਾਂ ਅਤੇ ਹਵਾਈ ਅਡਿਆਂ ਤੇ ਕਈ ਟੈਲੀਫ਼ੋਨ ਬੂਥਜ਼ ਬਣੀਆਂ ਹੋਈਆਂ ਹਨ। ਆਪਣੇ ਇਲਾਕੇ ਵਿੱਚ ਫ਼ੋਨ ਕਰਨ ਲਈ 25 ਸੈਂਟ ਪਾਓ (ਇਹ ਰਕਮ ਕੁਝ ਪ੍ਰਾਤਾਂ ਵਿੱਚ ਭਿੰਨ ਵੀ ਹੋ ਸਕਦੀ ਹੈ)। ਪੈਸੇ ਪਾਉਣ ਵਾਲੀ ਨਿਰਧਾਰਤ ਥਾਂ ਵਿੱਚ ਪੈਸੇ ਪਾਉਣ ਲਈ ਤੁਹਾਡੇ ਕੋਲ ਸਹੀ ਸਿੱਕੇ ਹੋਣੇ ਚਾਹੀਦੇ ਹਨ। ਜੇ ਤੁਸੀਂ  ਫ਼ੋਨ ਦੂਰ (long distance) ਕਰ ਰਹੇ ਹੋ ਤਾਂ ਓਪ੍ਰੇਟਰ ਜਾਂ ਫ਼ੋਨ ਦੀ ਸਕਰੀਨ ਤੇ ਇਕ ਸੁਨੇਹਾ ਆ ਜਾਏਗਾ ਜੋ ਤੁਹਾਨੂੰ ਦਸੇਗਾ ਕਿ ਤੁਸੀਂ ਕਦੋਂ ਤੇ ਕਿਤਨੇ ਪੈਸੇ ਪਾਉਣੇ ਹਨ। ਇਹ ਖਿਆਲ ਰਖੋ ਕਿ ਤੁਹਾਡੇ ਕੋਲ ਬਹੁਤ ਸਾਰੇ ਸਿੱਕੇ  ਹੋਣ! ਬਾਦ ਵਿੱਚ ਤੁਸੀਂ ਭਾਵੇਂ ਕਿਸੇ ਵੀ ਟੈਲੀਫ਼ੋਨ ਕੰਪਨੀ ਤੋਂ ਕਾਲਿੰਗ ਕਾਰਡ ਲੈ ਸਕਦੇ ਹੋ। ਇਸ ਕਾਰਡ ਨਾਲ ਤੁਸੀਂ ਇਕ ਵਿਸ਼ੇਸ਼ ਕੋਡ ਮਿਲਾਉਂਦੇ ਹੋ ਜਿਸ ਨਾਲ ਤੁਹਾਨੂੰ ਟੈਲੀਫ਼ੋਨ ਵਿੱਚ ਪੈਸੇ ਨਹੀਂ ਪਾਉਣੇ ਪੈਂਦੇ ਤੇ ਤੁਸੀਂ ਫ਼ੋਨ ਦੀ ਵਰਤੋਂ ਕਰ ਸਕਦੇ ਹੋ। ਇਸ ਤਰ੍ਹਾਂ ਵਰਤੇ ਹੋਏ ਫ਼ੋਨ ਦਾ ਬਿਲ ਤੁਹਾਡੇ ਘਰ ਦੇ ਟੈਲੀਫ਼ੋਨ ਦੇ ਬਿਲ ਵਿੱਚ ਸ਼ਾਮਲ ਹੋ ਜਾਂਦਾ ਹੈ।

## ਟੈਲੀਫ਼ੋਨ ਸਹਾਇਤਾ

ਜੇ ਤੁਹਾਨੂੰ ਕੋਈ ਨੰਬਰ ਲੱਭਣ ਵਾਸਤੇ ਮਦਦ ਦੀ ਜ਼ਰੂਰਤ ਹੈ ਤਾਂ ਤੁਸੀਂ ਸਹਾਇਤਾ ਲਈ ਫ਼ੋਨ ਕਰ ਸਕਦੇ ਹੋ। ਸਥਾਨਕ ਨੰਬਰ ਲਈ 411 ਨੰਬਰ ਅਤੇ ਸਮੁੰਦਰੋ ਪਾਰ ਨੰਬਰਾ ਲਈ 0 ਤੇ ਫ਼ੋਨ ਕਰੋ। ਸਾਰੇ ਟੈਲੀਫ਼ੋਨ ਨੰਬਰਾ ਦਾ ਇਲਾਕਈ ਕੋਡ (area code) ਹੁੰਦਾ ਹੈ, ਜੋ ਨੰਬਰ ਦੇ ਸਥਾਨ ਬਾਰੇ ਦਸਦਾ ਹੈ। ਆਪਣੀ ਸਥਾਨਕ ਟੈਲੀਫ਼ੋਨ ਕਿਤਾਬ ਵਿੱਚ ਤੁਸੀਂ ਇਹ ਕੋਡ ਲੱਭ ਸਕਦੇ ਹੋ। ਜੇ ਤੁਸੀਂ ਫ਼ੋਨ ਆਪਣੇ ਸਥਾਨਕ ਇਲਾਕਈ ਕੋਡ ਤੋਂ ਬਾਹਰ ਕਰ ਰਹੇ ਹੋ ਤਾਂ ਸੰਭਵ ਹੈ ਕਿ ਇਹ ਦੂਰ (long distance) ਦਾ ਫ਼ੋਨ ਨੰਬਰ ਹੋਵੇ। ਜੇ ਤੁਸੀਂ ਨੰਬਰ ਦਾ ਪਤਾ ਲਗਾਉਣਾ ਚਾਹੁੰਦੇ ਹੋ ਤਾਂ ਇਸ ਨੰਬਰ ਤੇ ਫ਼ੋਨ ਕਰੋ 1+AREA CODE+555-1212. ਯਾਦ ਰਹੇ ਕਿ ਇਸ ਸੇਵਾ ਲਈ ਤੁਹਾਨੂੰ ਕੀਮਤ ਅਦਾ ਕਰਨੀ ਪਵੇਗੀ।

## ਮੁਫ਼ਤ ਟੈਲੀਫ਼ੋਨ ਨੰਬਰ

ਕੈਨੇਡਾ ਇਕ ਬਹੁਤ ਵਿਸ਼ਾਲ ਮੁਲਕ ਹੈ, ਅਤੇ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਫ਼ੋਨ ਕਰਨਾ ਕਾਫ਼ੀ ਮਹਿੰਗਾ ਸਾਬਤ ਹੋ ਸਕਦਾ ਹੈ। ਬਹੁਤ ਸਾਰੇ ਕਾਰ ਵਿਹਾਰ ਤੇ ਸਰਕਾਰੀ ਵਿਭਾਗ ਅਜਿਹੇ ਟੈਲੀਫ਼ੋਨ ਨੰਬਰ ਵਰਤਦੇ ਹਨ ਜੋ 1-800, ਜਾਂ 1-888, ਜਾਂ 1-877 ਨਾਲ ਅਰੰਭ ਹੁੰਦੇ ਹਨ। ਇਸਦੇ ਨਾਲ ਤੁਸੀਂ ਪ੍ਰਾਂਤ ਵਿੱਚ, ਜਾਂ ਕੈਨੇਡਾ ਵਿੱਚ ਮੁਫ਼ਤ ਫ਼ੋਨ ਕਰ ਸਕਦੇ ਹੋ। ਇਨ੍ਹਾਂ ਨੂੰ ਟੋਲ ਫ਼ਿਰੀ ਨੰਬਰ ਕਹਿੰਦੇ ਹਨ। 1-800, 1-888, ਜਾਂ 1-877 ਨੰਬਰ ਬਿਲਕੁਲ ਉਸੇ ਤਰ੍ਹਾਂ ਮਿਲਾਓ ਜਿਸ ਤਰ੍ਹਾਂ ਲਿਖਿਆ ਹੋਵੇ।

## ਸਰੀਰਕ ਤੌਰ ਤੇ ਮੁਥਾਜ ਵਿਅਕਤੀਆਂ ਲਈ ਟੈਲੀਫ਼ੋਨ ਸੇਵਾਵਾਂ

ਕੈਨੇਡਾ ਦੀਆਂ ਬਹੁਤ ਸਾਰੀਆਂ ਟੈਲੀਫੋਨ ਕੰਪਨੀਆ ਉਨ੍ਹਾਂ ਲੋਕਾਂ ਲਈ ਜੋ ਸੁਨਣ, ਬੋਲਣ, ਦੇਖਣ ਜਾਂ ਸਰੀਰਕ ਤੌਰ ਤੇ ਅਸਮਰਥ ਹਨ ਵਿਸ਼ੇਸ਼ ਟੈਲੀਫ਼ੋਨ ਦਾ ਸਾਮਾਨ ਪ੍ਰਦਾਨ ਕਰਦੀਆਂ ਹਨ। ਆਪਣੀ ਸਥਾਨਕ ਟੈਲੀਫ਼ੋਨ ਕੰਪਨੀ ਨਾਲ ਸੰਪਰਕ ਪੈਦਾ ਕਰਕੇ ਇਨ੍ਹਾਂ ਸੇਵਾਵਾਂ ਤੇ ਸਾਮਾਨ ਸਬੰਧੀ ਹੋਰ ਜਾਣਕਾਰੀ ਦੀ ਮੰਗ ਕਰੋ। ਆਪਣੇ ਇਲਾਕੇ ਦੀ ਟੈਲੀਫ਼ੋਨ ਕੰਪਨੀ ਦਾ ਨਾਮ ਤੁਸੀਂ ਪੈਸੇ ਪਾ ਕੇ ਟੈਲੀਫ਼ੋਨ ਕਰਨ ਵਾਲੀ ਥਾਂ ਤੇ ਪਈ ਟੈਲੀਫ਼ੋਨ ਕਿਤਾਬ ਵਿਚੋਂ ਦੇਖ ਸਕਦੇ ਹੋ। ਗਾਹਕਾਂ ਦੀ ਸੇਵਾ ਲਈ ਨੰਬਰ ਕਿਤਾਬ ਦੇ ਪਹਿਲੇ ਕੁਝ ਸਫ਼ਿਆਂ ਵਿੱਚ ਹੋਣਾ ਚਾਹੀਦਾ ਹੈ। ਉਹ ਇਲਾਕੇ ਜਿੱਥੇ ਬੈਲ ਕੈਨੇਡਾ ਵਲੋਂ ਸੇਵਾ ਕੀਤੀ ਜਾਂਦੀ ਹੈ, ਉੱਥੇ ਤੁਸੀਂ ਆਪ ਬੈਲ ਫ਼ੋਨਸੈਂਟਰ ਤੇ ਜਾ ਸਕਦੇ ਹੋ। ਇਹ ਆਮ ਤੌਰ ਤੇ ਵਡੀਆਂ ਸ਼ਾਪਿੰਗ ਮਾਲਾਂ ਵਿੱਚ ਹੁੰਦੇ ਹਨ।

## ਕੰਪਿਊਟਰ ਦੀ ਵਰਤੋਂ

ਅਜਕਲ ਬਹੁਤ ਸਾਰੀ ਸਹਾਇਕ ਜਾਣਕਾਰੀ ਇੰਟਰਨੈਟ ਤੇ ਮਿਲ ਜਾਂਦੀ ਹੈ ਜੋ ਕਿ ਇਕ ਵਿਸ਼ਵ-ਵਿਆਪੀ ਗਿਆਨ ਦਾ ਸ੍ਰੋਤ ਅਤੇ ਜਾਣਕਾਰੀ ਦੀ ਪ੍ਰਣਾਲੀ ਹੈ। ਇੰਟਰਨੈਟ ਵਰਤਣ ਲਈ ਤੁਹਾਨੂੰ ਘਰ ਵਿੱਚ ਕੰਪਿਊਟਰ ਰੱਖਣ ਜਾਂ ਲੈਣ ਦੀ ਜ਼ਰੂਰਤ ਨਹੀਂ ਹੈ। ਤੁਸੀਂ ਇੰਟਰਨੈਟ ਦੀ ਵਰਤੋਂ (ਜਾਂ "Surf the web" ਜਿਵੇਂ ਕੈਨੇਡਾ ਵਾਸੀ ਕਹਿਣਾ ਪਸੰਦ ਕਰਦੇ ਹਨ) ਬਿਨਾ ਕੋਈ ਖਰਚ ਕੀਤੇ ਆਪਣੀ ਸਥਾਨਕ ਲਾਇਬ੍ਰੇਰੀ (ਸਮਾ ਮੁਕਰਰ ਜ਼ਰੂਰ ਕਰੋ), ਭਾਈਚਾਰਕ ਕੇਂਦਰ, ਸਕੂਲ, ਆਵਾਸੀ-ਸੇਵਾ ਸੰਸਥਾ ਜਾਂ ਹਿਊਮਨ ਰਿਜ਼ੋਰਸਿਜ਼ ਡਿਵੈਲਪਮੈਂਟ ਕੈਨੇਡਾ ਦੇ ਦਫ਼ਤਰ ਵਿੱਚ ਕਰ ਸਕਦੇ ਹੋ। ਬਹੁਤ ਸਾਰੀਆਂ "ਵੈਬ-ਸਾਈਟਸ" ਤੇ ਜੋ ਕਿ ਇੰਟਰਨੈਟ ਦੇ ਕੋਡ ਜਾਂ ਪਤੇ ਹਨ, ਲਾਭਵੰਦ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

- ਕੀ ਤੁਹਾਡੇ ਕੋਲ ਉਸ ਇਲਾਕੇ ਦਾ ਨਕਸ਼ਾ ਹੈ ਜਿੱਥੇ ਤੁਸੀਂ ਰਹਿਣਾ ਹੈ?
- ਕੀ ਤੁਸੀਂ ਟੈਲੀਫ਼ੋਨ ਕਿਤਾਬ ਦੀ ਵਰਤੋਂ ਕਰਨੀ ਜਾਣਦੇ ਹੋ?

# ਕੈਨੇਡਾ ਨਾਲ ਜਾਣ-ਪਛਾਣ

## ਕੈਨੇਡਾ ਵਿੱਚ ਜੀਵਨ

ਕੈਨੇਡਾ ਇਕ ਵਿਸ਼ਾਲ ਮੁਲਕ ਹੈ। ਇਥੋਂ ਦੀ ਧਰਤੀ, ਰੁਤਾਂ, ਲੋਕ ਅਤੇ ਉਨ੍ਹਾਂ ਦਾ ਜੀਵਨ ਕਈ ਵੰਨਗੀਆ ਦਾ ਪ੍ਰਤੀਬਿੰਬ ਹੈ। ਫ਼ਿਰ ਵੀ, ਕੈਨੇਡਾ ਵਾਸੀ ਇਕੋ ਤਰ੍ਹਾਂ ਦੀਆਂ ਮਹਤਵਪੂਰਨ ਕਦਰਾਂ-ਕੀਮਤਾ ਨੂੰ ਆਪਸੀ ਵਿਹਾਰ ਵਿੱਚ ਲਿਆਉਂਦੇ ਹਨ। ਇਹ ਕਦਰਾਂ-ਕੀਮਤਾ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਰਹਿਨੁਮਾਈ ਕਰਦੀਆਂ ਅਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ। ਆਤਮ-ਸਨਮਾਨ, ਏਕਤਾ ਤੇ ਭਿੰਨਤਾ ਵਿੱਚ ਵਿਸ਼ਵਾਸ, ਅਤੇ ਸਮਾਜ ਵਿੱਚ ਹਰ ਵਿਅਕਤੀ ਦਾ ਆਦਰ – ਇਹੀ ਕੀਮਤਾ ਸਾਡੇ ਜੀਵਨ ਦਾ ਆਧਾਰ ਹਨ। ਇਸਤ੍ਰੀਆਂ, ਮਰਦ, ਬੱਚੇ ਅਤੇ ਬਜ਼ੁਰਗਾਂ ਦਾ ਕੈਨੇਡਾ ਵਿੱਚ ਇਕੋ ਜਿਹਾ ਸਤਿਕਾਰ ਹੈ। ਕੈਨੇਡਾ ਵਾਸੀ ਚਾਹੇ ਵਨ-ਸੁਵੰਨੇ ਹਨ ਪਰ ਇਨ੍ਹਾਂ ਸਾਂਝੀਆਂ ਕੀਮਤਾ ਕਾਰਨ ਕੈਨੇਡਾ ਦਾ ਸਮਾਜ ਇਕ ਹਤਾਇਸ਼ੀ, ਹਮਦਰਦ, ਸ਼ਾਂਤਮਈ ਅਤੇ ਸੁਰਖਿਅਕ ਸਮਾਜ ਹੈ।

**ਨਿਰਪੱਖਤਾ, ਸਹਿਨਸ਼ੀਲਤਾ ਅਤੇ ਸਨਮਾਨ।** ਕੈਨੇਡਾ ਵਾਸੀ ਆਪਣੇ ਲਈ, ਆਪਣੇ ਬਚਿਆਂ ਤੇ ਪ੍ਰਵਾਰਾਂ ਲਈ ਨਿਰਪਖੱਤਾ ਅਤੇ ਇਨਸਾਫ਼ ਪਸੰਦ ਵਿਵਹਾਰ ਦੀ ਮੰਗ ਕਰਦੇ ਹਨ। ਬਹੁਤ ਲੋਕ ਦੂਜਿਆਂ ਨਾਲ ਬੜੇ ਨਿਰਪੱਖ ਤੇ ਵਾਜਬ ਢੰਗ ਨਾਲ ਪੇਸ਼ ਆਉਂਦੇ ਹਨ, ਚਾਹੇ ਉਹ ਕੋਈ ਵੀ ਹੋਣ ਜਾਂ ਕਿਸੇ ਵੀ ਮੁਲਕ ਤੋਂ ਆਏ ਹੋਣ।

**ਭਿੰਨਤਾ ਤੇ ਸਹਿਯੋਗ।** ਕੈਨੇਡਾ ਵਾਸੀ ਸਹਿਯੋਗ ਦੀ ਕੀਮਤ ਸਮਝਦੇ ਹਨ। ਕੈਨੇਡਾ ਵਰਗੇ ਵਿਸ਼ਾਲ ਤੇ ਭਿੰਨਤਾ ਭਰਪੂਰ ਮੁਲਕ ਵਿੱਚ ਰਹਿਣ ਵਾਲੇ ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਛੋਟੇ ਛੋਟੇ ਝਗੜੇ ਜਾਂ ਤਾਂ ਨਜ਼ਰ-ਅੰਦਾਜ਼ ਕਰ ਦੇਣ ਅਤੇ ਜਾਂ ਉਨ੍ਹਾਂ ਦਾ ਹੱਲ ਲਭਣ ਤਾਂ ਕਿ ਸਾਰੇ ਹਸਦਾ-ਖੇਡਦਾ ਅਤੇ ਸ਼ਾਂਤਮਈ ਜੀਵਨ ਬਤੀਤ ਕਰ ਸਕਣ।

**ਇਕ ਸਮਾਨ ਮੌਕੇ।** ਕੈਨੇਡਾ ਵਾਸੀ ਸਮਾਨਤਾ ਵਿੱਚ ਵਿਸ਼ਵਾਸ ਰਖਦੇ ਹਨ। ਹਰ ਮਨੁੱਖ ਕਨੂੰਨ ਦੀ ਨਜ਼ਰ ਵਿੱਚ ਸਮਾਨ ਹੈ ਅਤੇ ਕਨੂੰਨ ਵਲੋਂ ਉਸ ਨਾਲ ਸਮਾਨਤਾ ਦਾ ਹੀ ਸਲੂਕ ਕੀਤਾ ਜਾਂਦਾ ਹੈ। ਇਸਤ੍ਰੀਆਂ ਅਤੇ ਮਰਦਾਂ ਦੇ ਸਾਹਮਣੇ ਕਾਮਯਾਬੀ ਦੇ ਇਕੋ ਜਿਹੇ ਮੌਕੇ ਹਨ। ਕੈਨੇਡਾ ਵਾਸੀ ਸਭ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਜੀਵਨ ਜਿਊਣ ਦੇਂਦੇ ਹਨ ਬਸ਼ਰਤੇ ਕਿ ਉਹ ਦੂਜਿਆਂ ਦੇ ਜੀਵਨ ਤੇ ਪਾਬੰਧੀਆ ਨਾ ਲਾਉਣ।

**ਸ਼ਹਿਰੀ ਜ਼ੁਮੇਵਾਰੀ।** ਕੈਨੇਡਾ ਵਾਸੀ ਆਪਣੇ ਹੱਕਾਂ ਅਤੇ ਆਜ਼ਾਦੀਆਂ ਦੀ ਕਦਰ ਕਰਦੇ ਹਨ। ਇਹ ਲਿੰਗ, ਜ਼ਾਤ ਅਤੇ ਜਾਤੀਵਰਗ ਦੀ ਭਿੰਨਤਾ ਦੇ ਬਾਵਜੂਦ ਸਭ ਲਈ ਇਕ ਸਮਾਨ ਹਨ। ਬਹੁਤ ਲੋਕ ਸਾਡੇ ਸਮਾਜ ਦੀ ਉਨਤੀ ਵਿੱਚ ਆਪਣਾ ਯੋਗਦਾਨ ਵੀ ਪਾਉਣਾ ਚਾਹੁੰਦੇ ਹਨ। ਕੈਨੇਡਾ ਵਿੱਚ ਨਵੇਂ ਹੋਣ ਕਰਕੇ ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਹਕਾਂ ਅਤੇ ਜ਼ੁਮੇਵਾਰੀਆਂ ਤੋਂ ਜਾਣੂ ਹੋਵੋ। ਕੈਨੇਡਾ ਦੇ ਸਮਾਜ ਦਾ ਭਾਗ ਬਨਣ ਦਾ ਹੱਕ ਤੁਹਾਡੇ ਤੇ ਇਹ ਜ਼ੁਮੇਵਾਰੀ ਵੀ ਲਗਾਉਂਦਾ ਹੈ ਕਿ ਤੁਸੀਂ ਇਸਨੂੰ ਉਨਤੀ ਵਲ ਲਿਜਾਉਣ ਵਿੱਚ ਆਪਣਾ ਯੋਗਦਾਨ ਪਾਓ। ਕੈਨੇਡਾ ਦੀ ਨਾਗਰਿਕਤਾ ਲੈਣ ਤੋਂ ਭਾਵ ਹੈ ਕਿ ਤੁਸੀਂ ਇਸਦੇ ਸੱਚੇ ਦਿਲੋਂ ਹਮਦਰਦ ਹੋ ਅਤੇ ਆਪਣੇ ਆਪ ਨੂੰ ਇਸਦੀ ਉਨਤੀ ਵਿੱਚ ਲਗਾ ਦੇਣ ਲਈ ਤੱਤਪਰ ਹੋ ਤਾਂ ਕਿ ਕੈਨੇਡਾ ਹੋਰ ਵੀ ਚੰਗੇਰਾ ਦੇਸ਼ ਬਣ ਸਕੇ।

**ਚੌਗਿਰਦੇ (environment) ਦੀ ਜ਼ੁਮੇਵਾਰੀ।** ਕੈਨੇਡਾ ਵਾਸੀ ਆਪਣੇ ਕੁਦਰਤੀ ਚੌਗਿਰਦੇ ਸਬੰਧੀ ਵਿਸ਼ੇਸ਼ ਕਰਕੇ ਚੇਤੰਨ ਹਨ ਅਤੇ ਇਹ ਵੀ ਸਮਝਦੇ ਹਨ ਕਿ ਇਸਦੀ ਕਦਰ ਕਰਨਾ ਅਤੇ ਇਸਨੂੰ ਭਵਿਖ ਲਈ ਸੰਭਾਲ ਕੇ ਰਖਣਾ ਬਹੁਤ ਜ਼ਰੂਰੀ ਹੈ। ਉਦ੍ਹਾਰਣ ਵਜੋਂ, ਕੈਨੇਡਾ ਵਾਸੀ ਵਿਅਕਤੀਗਤ ਰੂਪ ਵਿੱਚ ਦੁਬਾਰਾ ਵਰਤਣ ਯੋਗ (ਰੀਸਾਈਕਲਿੰਗ)

ਪ੍ਰੋਗਰਾਮ ਵਿੱਚ ਭਾਗ ਲੈਂਦੇ ਹਨ ਜੋ "ਗੰਦ" (ਗਾਰਬੇਜ) ਨੂੰ ਵਰਤਣ ਯੋਗ ਸਾਮਾਨ ਵਿੱਚ ਬਦਲ ਦੇਂਦਾ ਹੈ। ਕੈਨੇਡਾ ਵਾਸੀ ਆਪਣੇ ਪਾਰਕਾਂ ਅਤੇ ਗਲੀਆਂ ਨੂੰ ਵੀ ਸਾਫ਼ ਰੱਖਣਾ ਪਸੰਦ ਕਰਦੇ ਹਨ, ਇਸ ਲਈ ਉਹ ਗੰਦ ਨੂੰ ਗੰਦ ਦੇ ਡਬਿਆਂ ਵਿੱਚ ਸੁਟਦੇ ਹਨ ਅਤੇ ਆਪਣੇ ਪਾਲਤੂ ਜਾਨਵਰ ਦੇ ਪਾਏ ਗੰਦ ਨੂੰ ਵੀ ਆਪ ਸਾਫ਼ ਕਰਦੇ ਹਨ।

# ਮੂਲ ਸੇਵਾਵਾਂ

## ਸ਼ਹਿਰੀਅਤ ਅਤੇ ਆਵਾਸ ਕੈਨੇਡਾ ਕਾਲ ਸੈਂਟਰ
## (Citizenship and Immigration Canada (CIC) Call Centre)

ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸਬੰਧੀ ਸਾਧਾਰਣ ਜਾਣਕਾਰੀ ਹਾਸਲ ਕਰਨ ਲਈ ਤੁਸੀਂ CIC ਦੇ ਕਾਲ ਸੈਂਟਰ ਨੂੰ ਫ਼ੋਨ ਕਰ ਸਕਦੇ ਹੋ। ਰਿਕਾਰਡ ਕੀਤੀ ਹੋਈ ਜਾਣਕਾਰੀ ਅੰਗਰੇਜ਼ੀ ਅਤੇ ਫ਼ਰੈਂਚ ਦੋਹਾਂ ਬੋਲੀਆਂ ਵਿੱਚ ਦਿਨ ਦੇ 24 ਘੰਟੇ ਅਤੇ ਹਫ਼ਤੇ ਦੇ ਸੱਤੇ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇ ਤੁਹਾਡੇ ਕੋਲ ਇੰਟਰਨੈਟ ਹੈ ਤਾਂ ਤੁਸੀਂ ਨਵੀਆ ਸੂਚਨਾਵਾਂ, ਪ੍ਰਕਾਸ਼ਿਤ ਪੁਸਤਕਾਂ, ਅਤੇ ਅਰਜ਼ੀਆਂ ਦੇ ਪੁਲੰਦੇ  ਅਤੇ ਸੂਚਕ ਪੁਸਤਕਾਂ ਨੂੰ (http://www.cic.gc.ca) ਤੇ ਦੇਖ ਸਕਦੇ ਹੋ। (ਇੰਟਰਨੈਟ ਵੈਬ ਸਾਈਟ ਸਬੰਧੀ ਵਧੇਰੇ ਜਾਣਕਾਰੀ ਲਈ "ਕੰਪਿਊਟਰ ਦੀ ਵਰਤੋਂ" ਦੇ ਭਾਗ ਨੂੰ ਦੇਖੋ)

CIC ਦੇ ਕਾਲ ਸੈਂਟਰਜ਼ ਤੋਂ ਤੁਸੀਂ ਪ੍ਰਾਪਤ ਕਰ ਸਕਦੇ ਹੋ:

- ਆਵਾਸ ਤੇ ਸ਼ਹਿਰੀਅਤ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਸਬੰਧੀ ਸਾਧਾਰਣ ਜਾਣਕਾਰੀ;
- ਆਪਣੀ ਅਰਜ਼ੀ ਸਬੰਧੀ ਸਾਧਾਰਣ ਜਾਣਕਾਰੀ;
- ਅਰਜ਼ੀ ਤੇ ਜਾਣਕਾਰੀ ਦਾ ਸਾਮਾਨ;
- ਫ਼ੀਸ ਦਾ ਹਿਸਾਬ-ਕਿਤਾਬ ਕਰਨ ਵਿੱਚ ਸਹਾਇਤਾ।

ਯਾਦ ਰਹੇ: ਆਪਣੀ ਅਰਜ਼ੀ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਤੁਹਾਨੂੰ ਆਵਾਸ ਮੈਂਬਰ ਪਹਿਚਾਣ ਨੰਬਰ (immigration client identification  number)  ID ਦੀ ਜ਼ਰੂਰਤ ਪਵੇਗੀ।

ਇਹ ਇਸ ਤਰ੍ਹਾਂ ਹੁੰਦਾ ਹੈ:

1. ਇਕ ਰਿਕਾਰਡ ਕੀਤਾ ਹੋਇਆ ਸੁਨੇਹਾ ਤੁਹਾਨੂੰ ਅੰਗਰੇਜ਼ੀ ਜਾਂ ਫ਼ਰੈਂਚ ਬੋਲੀ ਵਿਚੋਂ ਇਕ ਦੀ ਚੋਣ ਕਰਨ ਲਈ 1 ਜਾਂ 2 ਨੰਬਰ ਦਬਾਉਣ ਲਈ ਕਹੇਗਾ।
2. ਰਿਕਾਰਡ ਕੀਤਾ ਸੁਨੇਹਾ ਲੜੀ ਵਾਰ ਸਬੰਧਤ ਜਾਣਕਾਰੀ ਦੀ ਲਿਸਟ ਦਸੇਗਾ ਜਿਸ ਵਿਚੋਂ ਤੁਸੀਂ ਆਪਣੀ ਜ਼ਰੂਰਤ ਦੀ ਜਾਣਕਾਰੀ ਚੁਣਨੀ ਹੈ। ਸੁਨੇਹੇ ਨੂੰ ਦੁਹਰਾਉਣ ਲਈ ਤਾਰਾ ਚਿੰਨ੍ਹ (*) ਦੇ ਬਟਨ ਨੂੰ ਦਬਾਓ।
3. ਨੰਬਰ 9 ਦਬਾ ਕੇ ਮੁੱਖ ਜਾਣਕਾਰੀ ਲੜੀ ਵਲ ਵਾਪਸ ਆ ਜਾਓ ਅਤੇ ਆਪਣੀ ਮਰਜ਼ੀ ਦੀ ਜਾਣਕਾਰੀ ਚੁਣ ਲਵੋ।
4. ਸਾਰੇ ਕੈਨੇਡਾ ਵਿੱਚ ਕੰਮ ਦੇ ਘੰਟਿਆ ਸਮੇਂ (ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤਕ) ਤੁਸੀਂ 0 ਦਬਾ ਕੇ ਸਿਧਾ ਪ੍ਰੋਗਰਾਮ ਸਹਾਇਕ ਨਾਲ ਗਲ ਕਰ ਸਕਦੇ ਹੋ। ਜੇ ਸਾਰੇ ਸਹਾਇਕ ਰੁੱਝੇ ਹੋਏ ਹਨ ਤਾਂ ਲਾਈਨ ਤੇ ਰਹੋ ਜਦ ਤਕ ਕਿ ਕੋਈ ਵਿਹਲਾ ਨਾ ਹੋ ਜਾਏ।

ਕਾਲ ਸੈਂਟਰ ਨਾਲ ਸੰਬਧ ਸਥਾਪਤ ਕਰਨਾ:

ਜੇ ਤੁਸੀਂ ਹੇਠ ਲਿਖੇ ਸਥਾਨਕ ਫ਼ੋਨ ਕਰਨ ਵਾਲੇ ਇਲਾਕੇ ਵਿੱਚ ਹੋ ਤਾਂ:

| | |
|---|---|
| ਮੌਂਟਰੀਆਲ, ਫ਼ੋਨ ਕਰੋ: | 514-496-1010 |
| ਟੋਰਾਂਟੋਂ, ਫ਼ੋਨ ਕਰੋ: | 416-973-4444 |
| ਵੈਨਕੂਵਰ, ਫ਼ੋਨ ਕਰੋ: | 604-666-2171 |

ਜੇ ਤੁਸੀਂ ਕੈਨੇਡਾ ਵਿੱਚ ਇਸ ਤੋਂ ਇਲਾਵਾ ਹੋਰ ਕਿਧਰੇ ਵੀ ਹੋ, ਤਾਂ ਮੁਫ਼ਤ ਫ਼ੋਨ ਕਰੋ: 1-888-242-2100.

ਯਾਦ ਰਹੇ: ਕਾਲ ਸੈਂਟਰ ਨੂੰ ਫ਼ੋਨ ਕਰਨ ਦਾ ਆਮ ਕਾਰਨ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸੇਵਾਵਾਂ ਲਈ ਅਰਜ਼ੀ ਦਾ ਕਿਟ ਲੈਣਾ ਹੁੰਦਾ ਹੈ। ਇਸ ਵਿੱਚ ਸਰਪਰਸਤੀ ਜਾਂ ਨਾਗਰਿਕਤਾ ਦੀਆਂ ਅਰਜ਼ੀਆਂ ਸ਼ਾਮਲ ਹੁੰਦੀਆ ਹਨ। ਇਨ੍ਹਾਂ ਕਿਟਸ ਨੂੰ ਲੈਣ ਲਈ ਤੁਹਾਨੂੰ ਸਹਾਇਕ ਨਾਲ ਗਲ ਕਰਨ ਦੀ ਜ਼ਰੂਰਤ ਨਹੀਂ ਹੈ – ਕੇਵਲ ਰਿਕਾਰਡ ਕੀਤੀਆਂ ਹੋਈਆ ਹਦਾਇਤਾਂ ਦਾ ਪਾਲਣ ਕਰਦੇ ਹੋਏ ਆਪਣਾ ਨਾਮ, ਪਤਾ ਤੇ ਪੋਸਟਲ ਕੋਡ ਛਡ ਦਿਓ।

## ਆਵਾਸ-ਸੇਵਕ ਸੰਸਥਾਵਾਂ

ਕੈਨੇਡਾ ਵਿੱਚ ਸੈਂਕੜੇ ਹੀ ਸੰਸਥਾਵਾਂ ਹਨ ਜੋ ਨਵੇਂ ਆਏ ਲੋਕਾਂ ਨੂੰ ਕੈਨੇਡਾ ਵਿੱਚ ਆਬਾਦ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਇਨ੍ਹਾਂ ਵਿਚੋਂ ਬਹੁਤ ਕਈ ਭਿੰਨ ਭਿੰਨ ਬਹੁਸਭਿਅਕ ਏਜੰਸੀਆਂ ਤੇ ਸਮੂਹਾਂ ਦੀ ਨੁਮਾਇੰਦਗੀ ਵੀ ਕਰਦੀਆਂ ਹਨ ਤਾਂ ਕਿ ਉਹ ਤੁਹਾਡੀ ਕਈ ਪੱਖਾਂ ਤੋਂ ਸਹਾਇਤਾ ਕਰ ਸਕਣ। ਇਹ ਤੁਹਾਡੀ ਭਾਸ਼ਾ ਦੀ ਸਿਖਲਾਈ ਵਿੱਚ ਜਾਂ ਘਰ ਦੀ ਭਾਲ ਜਾਂ ਰੋਜ਼ਗਾਰ ਲੱਭਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਇਹ ਸੰਭਵ ਹੈ ਕਿ ਉਹ ਇਸਤ੍ਰੀਆਂ, ਬੱਚੇ ਅਤੇ ਪ੍ਰਵਾਰਾਂ ਨੂੰ ਵੀ ਆਸਰਾ ਦੇ ਸਕਣ ਜੋ ਘਰੋਗੀ ਦੁਰਵਿਵਹਾਰ ਦੇ ਸ਼ਿਕਾਰ ਹਨ। ਇਨ੍ਹਾਂ ਵਿਚੋਂ ਕੁਝ ਸੰਸਥਾਵਾਂ ਤੁਹਾਡੀ ਇਹ ਸੇਵਾ ਤੁਹਾਡੀ ਹੀ ਬੋਲੀ ਵਿੱਚ ਵੀ ਕਰ ਸਕਦੀਆਂ ਹਨ ਜੋ ਪਹਿਲੇ ਕੁਝ ਮਹੀਨਿਆ ਵਿੱਚ ਤੁਹਾਡੇ ਲਈ ਬਹੁਤ ਲਾਭਵੰਦ ਸਿਧ ਹੋ ਸਕਦਾ ਹੈ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਸੰਸਥਾਵਾਂ ਦੇ ਪਤੇ ਤੇ ਟੈਲੀਫ਼ੋਨ ਨੰਬਰ ਪੈਂਫ਼ਲਟ *ਆਪਣੇ ਭਾਈਚਾਰੇ ਵਿੱਚ ਸਹਾਇਤਾ ਦੀ ਭਾਲ (Finding Help in Your Community)* ਵਿੱਚ ਦਰਜ ਹਨ। ਇਹ ਇਸ ਪੁਸਤਕ ਦੀ ਪਿਛਲੀ ਜਿਲਦ ਦੇ ਖਾਨੇ ਵਿੱਚ ਪਿਆ ਤੁਹਾਨੂੰ ਮਿਲੇਗਾ।

## ਸਥਾਪਨ ਸੇਵਾਵਾਂ

ਕੁਬੈਕ, ਮੈਨੀਟੋਬਾ ਅਤੇ ਬ੍ਰਿਟਿਸ਼ ਕੋਲੰਬੀਆ ਤੋ ਸਿਵਾਏ ਸਾਰੇ ਕੈਨੇਡਾ ਵਿੱਚ ਨਵੇ' ਆਉਣ ਵਾਲਿਆਂ ਲਈ ਕੇ'ਦਰੀ ਮੂਲ ਸੇਵਾਵਾ ਸਕੂਲ ਬੋਰਡਾ, ਕਮਿਊਨੀਟੀ ਕਾਲਜਾ, ਆਵਾਸ ਸੇਵਕ ਸੰਸਥਾਵਾ ਵਲੋ' ਪ੍ਰਦਾਨ ਕੀਤੀਆ ਜਾਦੀਆ ਹਨ। ਇਹ ਪ੍ਰਾਤ ਸਥਾਪਨ ਸੇਵਾਵਾ ਦਾ ਪ੍ਰਬੰਧ ਆਪਣਾ ਆਪ ਕਰਦੇ ਹਨ।

## ਮਿਹਮਾਨ-ਨਿਵਾਜ਼ੀ ਪ੍ਰੋਗਰਾਮ (Host Program)

ਮਿਹਮਾਨ-ਨਿਵਾਜ਼ੀ ਦਾ ਪ੍ਰੋਗਰਾਮ ਕੇਂਦਰੀ ਸਰਕਾਰ ਦਾ ਪ੍ਰੋਗਰਾਮ ਹੈ ਜੋ:

- ਤੁਹਾਡਾ ਕੈਨੇਡਾ ਦੇ ਰਹਿਣ ਸਹਿਣ ਤੋਂ ਜਾਣੂ ਕਿਸੇ ਮਿਤਰ ਨਾਲ ਸਹਿਯੋਗ ਕਰਵਾ ਦੇਂਦਾ ਹੈ,
- ਨਵੇਂ ਮੁਲਕ ਵਿੱਚ ਆਉਣ ਕਾਰਨ ਪੈਦਾ ਹੋਏ ਤਨਾਵ ਤੇ ਕਾਬੂ ਪਾਉਣ ਵਿੱਚ ਸਹਾਇਤਾ ਕਰਦਾ ਹੈ,
- ਪ੍ਰਾਪਤ ਸੇਵਾਵਾਂ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਦਸਦਾ ਹੈ,
- ਅੰਗ੍ਰੇਜ਼ੀ ਜਾਂ ਫ਼ਰੈਂਚ ਬੋਲੀ ਵਿੱਚ ਤੁਹਾਡਾ ਅਭਿਆਸ ਕਰਵਾਉਂਦਾ ਹੈ,
- ਤੁਹਾਡਾ ਆਪਣੇ ਰੋਜ਼ਗਾਰ ਦੇ ਖੇਤਰ ਵਿੱਚ ਸਬੰਧ ਸਥਾਪਤ ਕਰਨ ਵਿੱਚ ਸਹਾਇਤਾ ਕਰਦਾ ਹੈ,
- ਭਾਈਚਾਰੇ ਦੇ ਕੰਮਾ ਵਿੱਚ ਭਾਗ ਲੈਣ ਵਿੱਚ ਸਹਾਇਤਾ ਕਰਦਾ ਹੈ।

ਬਦਲੇ ਵਿੱਚ, ਮਹਿਮਾਨ-ਨਿਵਾਜ਼ੀ ਕਰ ਰਿਹਾ ਇਹ ਸ੍ਵੈ-ਸੇਵਕ ਤੁਹਾਨੂੰ ਆਪਣਾ ਨਵਾਂ ਮਿਤਰ ਸਮਝੇਗਾ ਅਤੇ ਤੁਹਾਡੇ ਤੋਂ ਤੁਹਾਡੇ ਸਭਿਆਚਾਰ ਸਬੰਧੀ ਜਾਣਕਾਰੀ ਪ੍ਰਾਪਤ ਕਰਕੇ ਆਪਣੇ ਭਾਈਚਾਰਕ ਸਬੰਧ ਨੂੰ ਮਜ਼ਬੂਤ ਬਣਾਏਗਾ।

## ਆਵਾਸ-ਆਬਾਦੀ ਅਤੇ ਜੀਵਨ-ਅਨੁਕੂਲ ਪ੍ਰੋਗਰਾਮ
## (ISAP) (Immigrant Settlement and Adaptation Program)

ISAP ਕੇਂਦਰੀ ਸਰਕਾਰ ਦਾ ਪ੍ਰੋਗਰਾਮ ਹੈ ਜਿਸਦਾ ਮੰਤਵ ਹੈ:

- ਤੁਹਾਡੀਆਂ ਫ਼ੌਰੀ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਸਹਾਇਤਾ ਕਰਨਾ;
- ਤੁਹਾਨੂੰ ਆਰਥਕ, ਸਮਾਜਕ, ਸਭਿਆਚਾਰਕ, ਵਿਦਿਅਕ ਅਤੇ ਮਨੋਰੰਜਕ ਸਹੂਲਤਾਂ ਬਾਰੇ ਦਸਣਾ;
- ਬੈਂਕ ਦਾ ਕੰਮ, ਖਰੀਦੋ ਫ਼ਰੋਖਤ ਕਰਨਾ, ਅਤੇ ਘਰ ਨੂੰ ਚਲਾਉਣ ਅਤੇ ਹੋਰ ਸਬੰਧਤ ਕੰਮਾ ਬਾਰੇ ਜਾਣਕਾਰੀ ਤੇ ਸੂਝ ਬੂਝ ਦੇਣਾ;
- ਜ਼ਰੂਰਤ ਸਮੇਂ ਭਾਵ-ਅਰਥ ਜਾਂ ਅਨੁਵਾਦ ਦੀ ਸੇਵਾ ਪ੍ਰਦਾਨ ਕਰਨਾ;
- ਥੋੜੇ ਸਮੇਂ ਲਈ ਸਲਾਹ-ਮਸ਼ਵਰੇ ਦੀ ਸਹੂਲਤ ਦੇਣਾ;
- ਅਤੇ ਰੋਜ਼ਗਾਰ ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕਰਨਾ।

## ਕੈਨੇਡਾ ਵਿੱਚ ਨਵੇਂ ਆਇਆਂ ਲਈ ਬੋਲੀ ਦੀ ਸਿਖਿਆ
## LINC (Language Instruction for Newcomers to Canada)

LINC ਬਾਲਗ ਵਿਅਕਤੀਆਂ ਲਈ ਕੇਂਦਰੀ ਸਰਕਾਰ ਦਾ ਪ੍ਰੋਗਰਾਮ ਹੈ ਜਿਸਦਾ ਮੰਤਵ ਹੈ:

- LINC ਮੁਲਿਅੰਕਣ ਕੇਂਦਰਾ (LINC Assessment Centres) ਰਾਹੀਂ ਤੁਹਾਡੀ ਅੰਗ੍ਰੇਜ਼ੀ ਜਾਂ ਫ਼ਰੈਂਚ ਬੋਲੀ ਦੇ ਗਿਆਨ ਦੀ ਪੱਧਰ ਜਾਨਣਾ
- ਮੁਲਿਅੰਕਣ ਕੇਂਦਰਾ ਰਹੀਂ ਤੁਹਾਡਾ ਯੋਗ LINC ਪ੍ਰਦਾਨ ਕਰਨ ਵਾਲੇ ਨਾਲ ਨਾਲ ਸੰਪਰਕ ਕਰਵਾਉਣਾ
- ਤੁਹਾਡੀਆਂ ਜ਼ਰੂਰਤਾਂ ਨੂੰ ਮੁਖ ਰਖਦੇ ਹੋਏ ਤੁਹਾਡੇ ਲਈ ਸਕੂਲ ਬੋਰਡਾਂ, ਕਾਲਜਾਂ ਅਤੇ ਭਾਈਚਾਰਕ ਸੰਸਥਾਵਾਂ ਤੋਂ ਪੂਰੇ ਸਮੇਂ, ਥੋੜੇ ਸਮੇਂ, ਸ਼ਾਮ, ਹਫਤੇ-ਅੰਤ ਅਤੇ ਹੋਰ ਕਲਾਸਾਂ ਦਾ ਪ੍ਰਬੰਧ ਕਰਨਾ
- ਜ਼ਰੂਰਤ ਸਮੇਂ ਤੁਹਾਨੂੰ ਆਵਾਜਾਈ ਦਾ ਸਧਨ ਅਤੇ ਬੱਚੇ ਦੀ ਦੇਖ-ਭਾਲ ਦੀ ਸਹੂਲਤ ਪ੍ਰਦਾਨ ਕਰਨਾ।

## ਸਰਕਾਰੀ ਸੇਵਾਵਾਂ

ਕੇਂਦਰੀ, ਪ੍ਰਾਂਤਕ, ਅਤੇ ਮਿਊਨਸਿਪਲ ਜਾਂ ਇਲਾਕਈ ਸਰਕਾਰੀ ਵਿਭਾਗਾਂ ਦੇ ਮੁੱਖ ਟੈਲੀਫ਼ੋਨ ਨੰਬਰ ਤੁਹਾਡੀ ਸਥਾਨਕ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਦਰਜ ਹਨ। ਕੁਝ ਨੰਬਰ ਵਿਭਾਗ ਜਾਂ ਸੇਵਾ ਦੇ ਆਧਾਰ ਤੇ ਦਰਜ ਕੀਤੇ ਗਏ ਹਨ। ਉਹ ਨੰਬਰ ਜੋ ਅਕਸਰ ਮਿਲਾਏ ਜਾਂਦੇ ਹਨ ਉਨ੍ਹਾਂ ਦਾ ਵੇਰਵਾ ਹਰ ਭਾਗ ਦੇ ਅਰੰਭ ਵਿੱਚ ਦਿਤਾ ਗਿਆ ਹੈ, ਇਸ ਵਿੱਚ ਕੇਂਦਰੀ ਜਾਣਕਾਰੀ ਦਾ ਨੰਬਰ ਵੀ ਸ਼ਾਮਲ ਹੈ।

ਜੇ ਤੁਹਾਨੂੰ ਕੇਂਦਰੀ ਸਰਕਾਰ ਦੇ ਕਿਸੇ ਪ੍ਰੋਗਰਾਮ ਜਾਂ ਸੇਵਾ ਨੂੰ ਲੱਭਣ ਲਈ ਸਹਾਇਤਾ ਦੀ ਜ਼ਰੂਰਤ ਹੈ ਤਾਂ ਕੈਨੇਡਾ ਸਰਕਾਰ ਸਬੰਧੀ ਜਾਣਕਾਰੀ ਦਾ ਇਹ ਨੰਬਰ ਮਿਲਾਓ 1-800-622-6232.

ਜੇ ਤੁਸੀਂ ਇੰਟਰਨੈਟ ਵਰਤਣਾ ਚਾਹੋ ਤਾਂ ਉਸਦਾ ਪਤਾ ਇਹ ਹੈ:

http://www.gc.ca/directories/infor_e.html (English)
http://www.gc.ca/directories/infor_f.html (French).

# ਕਿਥੋਂ ਸ਼ੁਰੂ ਕਰੀਏ

## ਕਾਗਜ਼ਾਤ ਅਤੇ ਹੋਰ ਪਹਿਚਾਣ) ਲੇਖ-ਪਤੱਰ

**ਸ**ਰਕਾਰੀ ਕਾਗਜ਼ਾਤ ਜੋ ਇਹ ਦਸਦੇ ਹਨ ਕਿ ਤੁਸੀਂ ਕੌਣ ਹੋ ਅਤੇ ਕਿਥੋਂ ਆਏ ਹੋ, ਅਤਿਅੰਤ ਜ਼ਰੂਰੀ ਹਨ। ਜੇ ਇਹ ਤੁਹਾਡੇ ਕੋਲੋਂ ਗੁਆਚ ਜਾਣ ਤਾਂ ਇਨ੍ਹਾਂ ਦੀ ਥਾਂ ਤੇ ਹੋਰ ਮਿਲਣੇ ਬਹੁਤ ਕਠਨ ਹੋ ਸਕਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ, ਸਿਹਤ ਦੇ ਵੇਰਵੇ ਸਬੰਧੀ ਕਾਗਜ਼, ਜਨਮ ਦਿਨ ਦੇ ਸਰਟੀਫ਼ੀਕੇਟ, ਅਤੇ ਰੈਕਰਡਜ਼ ਆਫ਼ ਲੈਂਡਿਗ (Record of Landing IMM 1000). ਜੇ ਤੁਸੀਂ ਕੁਬੈਕ ਵਿੱਚ ਰਹਿ ਰਹੇ ਹੋ ਤਾਂ ਤੁਹਾਡੇ ਕੋਲ *Certificat de selection du Quebec (CSQ)* ਹੋਵੇਗਾ। ਜ਼ਰੂਰੀ ਸਰਕਾਰੀ ਸੇਵਾਵਾਂ ਤੇ ਸਹੂਲਤਾਂ ਲਈ ਅਰਜ਼ੀ ਦੇਣ ਵਾਸਤੇ, ਅਤੇ ਸਮਾਜਕ ਬੀਮਾ ਨੰਬਰ ਕਾਰਡ (Social Insurance Number Card) ਅਤੇ ਸਿਹਤ ਬੀਮਾ ਕਾਰਡ (Health Insurance Card) ਲੈਣ ਲਈ ਤੁਹਾਨੂੰ ਇਨ੍ਹਾਂ ਕਾਗਜ਼ਾਤ ਦੀ ਲੋੜ ਪਵੇਗੀ। ਇਸ ਲਈ ਇਹ ਬੇਹਦ ਜ਼ਰੂਰੀ ਹੈ ਕਿ ਤੁਸੀਂ ਇਨ੍ਹਾਂ ਨੂੰ ਹਰ ਸਮੇਂ ਕਿਸੇ ਬੜੀ ਹਿਫ਼ਾਜ਼ਤ ਵਾਲੀ ਥਾਂ ਤੇ ਰਖੋ। ਆਪਣੇ ਮਿਤਰਾਂ ਨੂੰ ਜਾਂ ਕਿਸੇ ਹੋਰ ਨੂੰ ਇਹ ਕਾਗਜ਼ਾਤ ਵਰਤਣ ਲਈ ਕਦੇ ਨਾ ਦਿਓ। ਜੇ ਕਾਰਡ ਤੁਸੀਂ ਕਿਸੇ ਹੋਰ ਨੂੰ ਦੇ ਦਿਤੇ ਤਾਂ ਤੁਸੀਂ ਆਪਣੀਆਂ ਇਹ ਸਹੂਲਤਾਂ ਗਵਾ ਸਕਦੇ ਹੋ।

ਆਪਣੇ ਪਾਸਪੋਰਟ ਜਾਂ ਵੀਜ਼ੇ ਨੂੰ ਹਰ ਸਮੇਂ ਨਾਲ ਰੱਖਣ ਦੀ ਜ਼ਰੂਰਤ ਨਹੀਂ ਹੈ, ਪਰ ਦੋ ਪਹਿਚਾਣ ਪੱਤਰ (ID) ਹਰ ਸਮੇਂ ਕੋਲ ਰਖਣੇ ਜ਼ਰੂਰੀ ਹਨ। ਹੇਠ ਲਿਖਿਆਂ ਵਿਚੋਂ ਕੋਈ ਦੋ ਚੁਣ ਲਵੋ: ਡਰਾਈਵਰ ਲਾਈਸੈਂਸ, ਤੁਹਾਡੇ ਪੱਕੇ ਰਹਾਇਸ਼ੀ ਹੋਣ ਵਾਲੇ ਪਤੱਰ ਦੀ ਫ਼ੋਟੋ ਨਕਲ (ਅਸਲੀ ਪਤੱਰ ਬੜੀ ਹਿਫ਼ਾਜ਼ਤ ਵਾਲੀ ਥਾਂ ਤੇ ਜਾਂ ਬੈਂਕ ਵਿੱਚ ਸੇਫ਼ਟੀ ਡਿਪਾਜ਼ਟ ਬੌਕਸ ਵਿੱਚ ਰਖੋ), ਸੋਸ਼ਲ ਇਨਸ਼ਿਉਰੰਸ ਨੰਬਰ ਕਾਰਡ, ਹੈਲਥ ਇਨਸ਼ਿਉਰੰਸ ਕਾਰਡ, ਅਤੇ ਇਕ ਕ੍ਰੈਡਿਟ ਕਾਰਡ।

## ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ

ਕੈਨੇਡਾ ਵਿੱਚ ਫ਼ਿਰਨਾ ਟੁਰਨਾ ਕਾਫ਼ੀ ਅਸਾਨ ਹੈ। ਬਹੁਤ ਸ਼ਹਿਰਾਂ ਵਿੱਚ ਸ਼ਹਿਰੀ ਆਵਾਜਾਈ ਦੇ ਵਸੀਲੇ ਹਨ ਜਿਨ੍ਹਾਂ ਵਿੱਚ ਬੱਸਾਂ, ਸਟਰੀਟ ਕਾਰਾਂ, ਅਤੇ ਗਡੀਆਂ ਹਨ। ਕੁਝ ਵੱਡੇ ਸ਼ਹਿਰਾਂ ਵਿੱਚ ਸਬ-ਵੇਜ਼ (ਧਰਤੀ ਹੇਠ ਚਲਣ ਵਾਲੀਆਂ ਗਡੀਆਂ) ਵੀ ਹਨ।

ਇਨ੍ਹਾਂ ਵਿੱਚ ਸਫ਼ਰ ਕਰਨ ਲਈ ਤੁਹਾਨੂੰ ਇਨ੍ਹਾਂ ਦੇ ਰਸਤਿਆਂ ਵਿੱਚ ਬਣੇ ਹੋਏ ਬਕਾਇਦਾ ਰੁਕਣ ਸਥਾਨਾਂ (ਸਟਾਪਸ) ਤੇ ਜਾਣਾ ਪਵੇਗਾ। ਕੁਝ ਕੁ ਨੂੰ ਤੁਸੀਂ ਨਗਦ ਕਰਾਇਆ ਦੇ ਸਕਦੇ ਹੋ ਪਰ ਕਈਆਂ ਹੋਰ ਨੂੰ ਟਿਕਟ ਦੇਣੀ ਪਵੇਗੀ। ਜੇ ਤੁਹਾਡੇ ਕੋਲ ਬੱਸ ਲਈ ਟਿਕਟ ਨਹੀਂ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਬਿਲਕੁਲ ਸਹੀ ਰਕਮ ਅਦਾ ਕਰਕੇ ਬੱਸ ਦਾ ਕਰਾਇਆ ਦਿਓ। ਇਸਦਾ ਕਾਰਨ ਇਹ ਹੈ ਕਿ ਬੱਸ ਦੇ ਡਰਾਈਵਰ ਆਪਣੇ ਕੋਲ ਭਾਨ ਨਹੀਂ ਰਖਦੇ। ਕੈਨੇਡਾ ਵਿੱਚ ਇਕ ਵਾਰ ਬਹਿ-ਥਾਲੀ ਹੋ ਜਾਣ ਤੋਂ ਬਾਦ ਤੁਸੀਂ ਸੰਭਵ ਹੈ ਬਚੱਤ ਨੂੰ ਮੁਖ ਰਖਦਿਆਂ ਮਾਹਵਾਰੀ ਬੱਸ ਦਾ ਪਾਸ ਜਾਂ ਇਕਠੀਆਂ ਟਿਕਟਾਂ ਖਰੀਦਣੀਆਂ ਚਾਹੋ। ਸਬ ਵੇ ਲਈ ਟਿਕਟਾਂ ਤੁਸੀਂ ਸਬ ਵੇ ਸਟੇਸ਼ਨ ਤੋਂ ਖਰੀਦ ਸਕਦੇ ਹੋ।

ਜੇ ਤੁਹਾਨੂੰ ਇਕ ਟਰਿਪ ਲਈ ਕਈ ਬੱਸਾਂ ਜਾਂ ਸਬ-ਵੇਜ਼ ਲੈਣੀਆਂ ਪੈਂਦੀਆ ਹਨ ਤਾਂ ਤੁਹਾਨੂੰ ਹਰ ਵਾਰ ਪੈਸੇ ਦੇਣ ਦੀ ਜ਼ਰੂਰਤ ਨਹੀਂ ਹੈ। ਡਰਾਈਵਰ ਤੋਂ ਟਰਾਂਸਫ਼ਰ (ਬਦਲੀ ਟਿਕਟ) ਦੀ ਮੰਗ ਕਰੋ, ਜਾਂ ਇਹ ਸਬ ਵੇ ਸਟੇਸ਼ਨ ਦੇ ਪਲੈਟਫਾਰਮ ਤੋਂ ਮਸ਼ੀਨ ਵਿਚੋਂ ਲੈ ਲਵੋ।

ਜੇ ਤੁਸੀਂ ਇਹ ਨਹੀਂ ਜਾਣਦੇ ਕਿ ਬੱਸ ਜਾਂ ਸਟਰੀਟ ਕਾਰ ਤੇ ਕਿਥੋਂ ਬੈਠਣਾ ਹੈ, ਤਾਂ ਕਿਸੇ ਨੂੰ ਪੁੱਛ ਲਵੋ, ਜਾਂ ਜਿੱਧਰ ਸਭ ਜਾ ਰਹੇ ਹਨ ਉਸ ਪਾਸੇ ਵਲ ਚਲੇ ਜਾਓ। ਡਰਾਈਵਰ ਨੂੰ ਤੁਸੀਂ ਆਪਣਾ ਪਾਸ ਆਮ ਤੌਰ ਤੇ ਬੱਸ ਦੇ ਸ਼ੁਰੂ ਵਿੱਚ ਅੰਦਰ ਜਾਣ ਲਗਿਆਂ ਦਿਖਾਉਂਦੇ ਹੋ। ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਕਰਨ ਲਗਿਆਂ ਕੈਨੇਡਾ ਵਾਸੀ ਲਾਈਨ ਬਣਾ ਕੇ ਆਪਣੀ ਵਾਰੀ ਦੀ ਉਡੀਕ ਕਰਦੇ ਹਨ। ਕੈਨੇਡਾ ਵਿੱਚ ਬਹੁਤ ਸਾਰੇ ਕੰਮ ਜੋ ਪਹਿਲਾਂ ਆਏ ਪਹਿਲਾਂ ਲਵੇ ਦੇ ਅਸੂਲ ਨੂੰ ਮੁਖ ਰੱਖ ਕੇ ਕੀਤੇ ਜਾਂਦੇ ਹਨ।

ਤੁਹਾਡੇ ਇਲਾਕੇ ਦੀ ਜਨਤਕ ਟੰਰਾਜ਼ਿਟ ਕੰਪਨੀ ਤੋਂ ਤੁਹਾਨੂੰ ਬੱਸਾਂ ਦੇ ਰਸਤਿਆਂ ਦੇ ਨਕਸ਼ੇ ਅਤੇ ਉਨ੍ਹਾਂ ਦੇ ਚਲਣ ਦੀ ਸਮਾਂ-ਸੂਚੀ ਪ੍ਰਾਪਤ  ਹੋ ਸਕਦੀ ਹੈ। ਇਹ ਜਾਣਕਾਰੀ ਸੰਭਵ ਹੈ ਤੁਹਾਨੂੰ ਟੈਲੀਫ਼ੋਨ ਦਾ ਵਿਸ਼ੇਸ਼ ਨੰਬਰ ਮਿਲਾ ਵੀ ਮਿਲ ਸਕੇ। ਜਿੱਥੇ ਤੁਸੀਂ ਰਹਿੰਦੇ ਹੋ ਉਥੋਂ ਦੀ ਟੈਲੀਫ਼ੋਨ ਕੰਪਨੀ ਬਾਰੇ ਤੁਸੀਂ ਕਿਸੇ ਨੂੰ ਪੁੱਛ ਸਕਦੇ ਹੋ ਅਤੇ ਫ਼ਿਰ ਉਸ ਕੰਪਨੀ ਦੇ ਨਾਮ ਹੇਠਾਂ ਆਪਣੀ ਟੈਲੀਫ਼ੋਨ ਕਿਤਾਬ ਦੇ ਚਿੱਟੇ ਸਫ਼ਿਆਂ ਵਿੱਚ ਇਸ ਸਬੰਧੀ ਹੋਰ ਜਾਣਕਾਰੀ ਹਾਸਲ ਕਰ ਸਕਦੇ ਹੋ।

## ਰਹਿਣ ਦੀ ਥਾਂ

ਪਹਿਲੇ ਕੁਝ ਦਿਨ ਜਾਂ ਮਹੀਨੇ ਤੁਸੀਂ ਆਪਣੇ ਰਹਿਣ ਲਈ ਕਿਸੇ ਆਰਜ਼ੀ ਰਹਾਇਸ਼ ਦਾ ਪ੍ਰੰਬਧ ਕਰਨਾ ਚਾਹੋਗੇ ਤਾਂ ਕਿ ਤੁਸੀਂ ਪੱਕਾ ਰਹਿਣ ਦਾ ਇੰਤਜ਼ਾਮ ਕਰ ਸਕੋ। ਹੋਟਲ ਬੜੇ ਮਹਿੰਗੇ ਸਾਬਤ ਹੋ ਸਕਦੇ ਹਨ ਇਸ ਲਈ ਤੁਸੀਂ ਪਹਿਲਾਂ ਸ਼ਾਇਦ ਕਿਸੇ ਫ਼ਰਨੀਚਰ ਸਮੇਤ ਕਮਰੇ ਜਾਂ ਅਪਾਰਟਮੈਂਟ ਨੂੰ ਕਿਰਾਏ ਤੇ ਲੈਣਾ ਪਸੰਦ ਕਰੋ।

ਇਸਦੀ ਭਾਲ ਤੁਸੀਂ ਆਪਣੇ ਇਲਾਕੇ ਦੇ ਰੋਜ਼ਾਨਾ ਅਖ਼ਬਾਰ ਦੇ ਕਲਾਸੀਫ਼ਾਈਡ ਭਾਗ ਵਿੱਚ ਅਪਾਰਟਮੈਂਟ ਜਾਂ ਕਿਰਾਏ ਤੇ ਘਰਾਂ ਦੇ ਸਿਰਲੇਖ ਹੇਠਾਂ ਦੇਖ ਕੇ ਕਰ ਸਕਦੇ ਹੋ। ਆਪਣੇ ਭਾਈਚਾਰੇ ਵਿੱਚ ਆਵਾਸ ਸੇਵਾ ਸੰਸਥਾ ਨਾਲ ਵੀ ਸੰਬਧ ਪੈਦਾ ਕਰੋ। ਉਹ ਵੀ, ਸੰਭਵ ਹੈ ਤੁਹਾਡੀ ਮਦਦ ਕਰ ਸਕਣ।

## ਕੈਨੇਡਾ ਦੇ ਸਿੱਕੇ

ਕੈਨੇਡਾ ਦਾ ਸਿੱਕਾ ਡਾਲਰ ਹੈ। ਇਕ ਡਾਲਰ ਵਿੱਚ 100 ਸੈਂਟ ਹੁੰਦੇ ਹਨ। ਕੈਨੇਡਾ ਦੇ ਸਿਕਿਆਂ ਵਿੱਚ ਸ਼ਾਮਲ ਹਨ, ਪੈਨੀ (1 ਸੈਂਟ), ਨਿੱਕਲ (5 ਸੈਂਟ), ਡਾਈਮ (10 ਸੈਂਟ), ਕੁਆਟਰ (25 ਸੈਂਟ), ਇਕ ਡਾਲਰ ਦਾ ਸਿੱਕਾ ਜਿਸਨੂੰ "ਲੂਨੀ" ਕਹਿੰਦੇ ਹਨ, ਅਤੇ ਦੋ ਡਾਲਰ ਦਾ ਸਿੱਕਾ ਜਿਸਨੂੰ "ਟੂਨੀ" ਕਿਹਾ ਜਾਂਦਾ ਹੈ। ਬਹੁਤ ਕਰਕੇ ਆਮ ਵਰਤੇ ਜਾਣ ਵਾਲੇ ਕਾਗਜ਼ ਦੇ ਨੋਟ ਹਨ, $5, $10, $20 ਅਤੇ $50.

ਸੰਭਵ ਹੈ ਜਦੋਂ ਤੁਸੀਂ ਕੈਨੇਡਾ ਪਹੁੰਚੋ ਤਾਂ ਤੁਹਾਡੇ ਕੋਲ ਕੁਝ ਕੈਨੇਡਾ ਦੇ ਪੈਸੇ ਹੋਣ। ਜੇ ਨਹੀਂ ਤਾਂ ਤੁਹਾਡੇ ਲਈ ਚੰਗਾ ਹੋਵੇਗਾ ਕਿ ਤੁਸੀਂ ਇਥੇ ਪਹੁੰਚਣ ਤੋਂ ਬਾਦ ਜਲਦੀ ਹੀ ਆਪਣੇ ਮੁਲਕ ਦੇ ਕੁਝ ਪੈਸਿਆਂ ਨੂੰ ਕੈਨੇਡਾ ਦੇ ਪੈਸਿਆਂ ਵਿੱਚ ਬਦਲ ਲਵੋ। ਬਹੁਤ ਸਾਰੇ ਹਵਾਈ ਅਡਿਆਂ ਤੇ ਬਦੇਸ਼ੀ ਸਿੱਕੇ ਬਦਲਣ ਦੇ ਦਫ਼ਤਰ ਹੁੰਦੇ ਹਨ ਜੋ ਤੁਹਾਡਾ ਇਹ ਕੰਮ

ਕਰ ਸਕਦੇ ਹਨ। ਫ਼ਿਰ ਵੀ ਬਹੁਤੇ ਪੈਸਿਆਂ ਦੀ ਬਦਲੀ ਕਰਨ ਦਾ ਯਤਨ ਨਾ ਕਰੋ ਕਿਉਂਕਿ ਬਦਲੀ ਦਾ ਰੇਟ (ਤੁਹਾਡੇ ਪੈਸੇ ਕਿਤਨੇ ਕੁ ਡਾਲਰ ਖਰੀਦ ਸਕਣ ਦੀ ਸਮਰਥਾ ਰਖਦੇ ਹਨ) ਸੰਭਵ ਹੈ ਉਤਨਾ ਚੰਗਾ ਨਾ ਹੋਵੇ ਜਿਤਨਾ ਕਿ ਸਥਾਨਕ ਬੈਂਕ ਵਿੱਚ ਹੋ ਸਕਦਾ ਹੈ।

## ਖਰੀਦੋ-ਫ਼ਰੋਖਤ

ਪਹਿਲੇ ਕੁਝ ਦਿਨ ਤੁਹਾਨੂੰ ਕੇਵਲ ਥੋੜੇ ਸਾਮਾਨ ਦੀ ਹੀ ਜ਼ਰੂਰਤ ਹੋਵੇਗੀ ਜਿਵੇਂ ਖਾਣ-ਪੀਣ ਦੀਆਂ ਵਸਤੂਆਂ ਅਤੇ ਥੋੜੇ ਵਾਧੂ ਕਪੜੇ। ਹੋਰ ਮੁਲਕਾਂ ਦੇ ਸਟੋਰਾਂ ਨੂੰ ਦੇਖਣ ਤੋਂ ਬਾਦ ਤੁਹਾਨੂੰ ਕੈਨੇਡਾ ਦੇ ਸਟੋਰਾਂ ਦਾ ਢੰਗ-ਪ੍ਰਬੰਧ ਕੁਝ ਵੱਖਰਾ ਜਿਹਾ ਲਗੇਗਾ।

ਬਹੁਤ ਕੈਨੇਡਾ ਦੇ ਸਟੋਰਾਂ ਵਿੱਚ ਗਾਹਕਾਂ ਤੋਂ ਖਰੀਦੇ ਸਾਮਾਨ ਦੇ ਪੈਸੇ ਲੈਣ ਵਾਲੇ (ਕੈਸ਼ੀਅਰ) ਇਕ ਥਾਂ ਹੁੰਦੇ ਹਨ, ਪਰ ਉਨ੍ਹਾਂ ਨੂੰ ਲਭਣਾ ਬਹੁਤ ਮੁਸ਼ਕਲ ਹੋ ਸਕਦਾ ਹੈ। ਖਾਣ-ਪੀਣ ਦਾ ਸਾਮਾਨ (ਗਰੋਸਰੀ) ਵੇਚਣ ਵਾਲੇ ਸਟੋਰਾਂ ਤੇ ਕੈਸ਼ੀਅਰ ਆਮ ਤੌਰ ਤੇ  ਸਟੋਰ ਵਿੱਚ ਵੜਦਿਆਂ ਸਾਹਮਣੇ ਹੀ ਹੁੰਦੇ ਹਨ। ਤੁਸੀਂ ਆਪਣਾ ਲੈਣ ਵਾਲਾ ਸਾਮਾਨ ਨਕਦ ਕੀਮਤ ਅਦਾ ਕਰਨ ਵਾਲੀ ਥਾਂ ਦੇ ਸਾਹਮਣੇ ਲਿਆ ਕੇ ਲਾਈਨ ਵਿੱਚ ਖੜੇ ਹੋ ਜਾਵੋ। ਵਿਭਾਗੀ (ਡਿਪਾਰਟਮੈਂਟ) ਸਟੋਰ ਜੋ ਕਈ ਕਿਸਮਾ ਦਾ ਸਾਮਾਨ ਵੇਚਦੇ ਹਨ ਅਕਸਰ ਇਸੇ ਢੰਗ ਨਾਲ ਸਥਾਪਤ ਕੀਤੇ ਗਏ ਹਨ। ਹੋਰ ਸਟੋਰਾਂ ਵਿੱਚ ਕੈਸ਼ੀਅਰ ਕਈ ਵੱਖ ਵੱਖ ਥਾਵਾਂ ਤੇ ਸਟੋਰ ਵਿੱਚ ਸਥਿਤ ਹੁੰਦੇ ਹਨ ਅਤੇ ਤੁਸੀਂ ਖਰੀਦੇ ਸਾਮਾਨ ਦੇ ਪੈਸੇ ਆਪਣੇ ਨੇੜੇ ਦੇ ਕੈਸ਼ੀਅਰ ਨੂੰ ਦੇ ਸਕਦੇ ਹੋ। ਜੋ ਵੀ ਤੁਸੀਂ ਖਰੀਦੋਗੇ ਉਸਦੀ ਤੁਹਾਨੂੰ ਕਾਗਜ਼ ਦੀ ਇਕ ਰਸੀਦ ਮਿਲੇਗੀ ਜੋ ਤੁਹਾਡੀ "ਖਰੀਦ ਦਾ ਸਬੂਤ" ਹੈ।

ਕੈਨੇਡਾ ਦੇ ਬਹੁਤ ਸਟੋਰਾਂ ਵਿੱਚ ਧਾਤ ਦੀਆਂ ਬਣੀਆਂ ਹੋਈਆਂ ਰੇੜੀਆਂ (ਸ਼ਾਪਿੰਗ ਕਾਰਟਸ) ਮਿਲ ਜਾਂਦੀਆ ਹਨ ਜਿਨ੍ਹਾਂ ਵਿੱਚ ਤੁਸੀਂ ਖਰੀਦਣ ਵਾਲਾ ਸਾਮਾਨ ਸਾਰੇ ਸਟੋਰ ਵਿੱਚ ਘੁੰਮ ਕੇ ਇਕਠਾ ਕਰ ਲੈਂਦੇ ਹੋ ਅਤੇ ਫ਼ਿਰ ਕੈਸ਼ੀਅਰ ਕੋਲ ਆ ਜਾਂਦੇ ਹੋ।

ਵਡੀਆਂ ਸ਼ਾਪਿੰਗ ਮਾਲਾਂ ਵਿੱਚ ਬਹੁਤ ਸਾਰੇ ਸਟੋਰ ਇੱਕਠੇ ਵੀ ਹੁੰਦੇ ਹਨ ਤਾਂ ਕਿ ਤੁਸੀਂ ਸਾਰਾ ਕੁਝ ਇਕ ਹੀ ਥਾਂ ਤੇ ਰੁਕ ਕੇ ਖਰੀਦ ਸਕੋ। ਯਾਦ ਰਹੇ ਕਿ ਹਰ ਸਟੋਰ ਦਾ ਆਪਣਾ ਕੈਸ਼ ਰਜਿਸਟਰ ਹੈ ਜਿੱਥੇ ਤੁਸੀਂ ਖਰੀਦੇ ਸਾਮਾਨ ਦੀ ਕੀਮਤ ਅਦਾ ਕਰਣੀ ਹੈ।

ਕੈਨੇਡਾ ਵਿੱਚ ਬਹੁਤ ਸਾਰੀਆਂ ਥਾਵਾਂ ਤੇ ਖੁਲ੍ਹੇ ਆਕਾਸ਼ ਹੇਠ ਬਾਜ਼ਾਰ ਵੀ ਲਗਦੇ ਹਨ ਜਿਥੋਂ ਤੁਸੀਂ ਤਾਜ਼ਾ ਫੱਲ ਤੇ ਸਬਜ਼ੀਆਂ ਸਥਾਨਕ ਕਿਸਾਨਾਂ ਤੋਂ ਖਰੀਦ ਸਕਦੇ ਹੋ। ਆਪਣੀ ਖਰੀਦ ਦੀ ਕੀਮਤ ਤੁਸੀਂ ਹਰ ਕਿਸਾਨ ਨੂੰ ਉਸੇ ਥਾਂ ਤੇ ਅਦਾ ਕਰਦੇ ਹੋਏ ਅਗੇ ਜਾਂਦੇ ਹੋ।

## ਸ਼ਹਿਰੋਂ ਬਾਹਰ ਜਾਣਾ

ਬੱਸਾਂ, ਗਡੀਆਂ ਅਤੇ ਹਵਾਈ ਜਹਾਜ਼ ਸਾਰੇ ਕੈਨੇਡਾ ਵਿੱਚ ਘੁੰਮਦੇ ਹਨ। ਸ਼ਹਿਰੋਂ ਬਾਹਰ ਸਫ਼ਰ ਕਰਨ ਲਈ ਸਫ਼ਰ ਸੰਸਥਾਵਾਂ (travel agencies), ਹਵਾਈ ਜਾਂ ਬੱਸ ਕੰਪਨੀਆ ਨਾਲ ਸੰਪਰਕ ਪੈਦਾ ਕਰੋ। ਗੱਡੀ ਤੇ ਸਫ਼ਰ ਕਰਨ

ਸੰਬਧੀ ਜਾਣਕਾਰੀ ਲਈ ਵੀਆ ਰੇਲ (Via Rail) ਤੋਂ ਪੁੱਛ ਪੜਤਾਲ ਕਰੋ। ਇਨ੍ਹਾਂ ਦੇ ਟੈਲੀਫ਼ੋਨ ਨੰਬਰ ਪੀਲੇ ਸਫ਼ਿਆਂ ਦੀ ਟੈਲੀਫ਼ੋਨ ਕਿਤਾਬ ਵਿੱਚ ਦਰਜ ਹਨ।

- ਕੀ ਤੁਹਾਡੇ ਕੋਲ ਕੈਨੇਡਾ ਵਿੱਚ ਚਲਣ ਵਾਲੇ ਪੈਸੇ ਹਨ?
- ਕੀ ਤੁਹਾਡੇ ਪਹਿਚਾਣ-ਪੱਤਰ ਸੁਰਖਿਅਤ ਥਾਂ ਤੇ ਹਨ?
- ਕੀ ਤੁਹਾਡੇ ਕੋਲ ਕਿਸੇ ਕਿਸਮ ਦੇ ਪਹਿਚਾਣ-ਪੱਤਰ ਆਪਣੇ ਨਾਲ ਹਨ?

# ਸਿਹਤ ਸੇਵਾਵਾਂ

## ਸਿਹਤ ਬੀਮਾ ਕਾਰਡ (Health Insurance Card) ਲਈ ਅਰਜ਼ੀ ਦੇਣਾ

**ਦੁ**ਨੀਆ ਵਿੱਚ ਸਭ ਤੋਂ ਚੰਗਾ ਸਿਹਤ ਬੀਮਾ ਪ੍ਰੋਗਰਾਮ ਕੈਨੇਡਾ ਵਿੱਚ ਹੈ। ਸਿਹਤ ਬੀਮੇ ਤੋਂ ਭਾਵ ਹੈ ਕਿ ਸਿਹਤ ਸਬੰਧੀ ਬਹੁਤ ਸਾਰੀਆਂ ਸੇਵਾਵਾਂ ਦਾ ਖਰਚ ਤੁਹਾਨੂੰ ਸਿਧੇ ਰੂਪ ਵਿੱਚ "ਅਦਾ" ਨਹੀਂ ਕਰਨਾ ਪੈਂਦਾ। ਉਹ ਤੁਹਾਡੇ ਟੈਕਸ ਵਿੱਚੋਂ ਦਿਤਾ ਜਾਂਦਾ ਹੈ। ਜਦੋਂ ਤੁਸੀਂ ਇਨ੍ਹਾਂ ਸੇਵਾਵਾਂ ਦਾ ਲਾਭ ਉਠਾਓ ਤਾਂ ਕੇਵਲ ਆਪਣਾ ਸਿਹਤ ਬੀਮਾ ਕਾਰਡ (Health Insurance Card) ਪੇਸ਼ ਕਰ ਦਿਓ।

ਸਿਹਤ ਬੀਮਾ ਬੇਸ਼ਕ ਰਾਸ਼ਟਰੀ ਪ੍ਰੋਗਰਾਮ ਹੈ, ਫ਼ਿਰ ਵੀ ਹਰ ਪ੍ਰਾਂਤ ਇਸਦਾ ਪ੍ਰਬੰਧ ਆਪ ਕਰਦਾ ਹੈ। ਇਸ ਨੂੰ ਪ੍ਰਾਪਤ ਕਰਨ ਦੀ ਯੋਗਤਾ ਵਿੱਚ ਵੱਖ ਵੱਖ ਪ੍ਰਾਂਤਾ ਦੇ ਨਿਯਮਾ ਵਿੱਚ ਭਿੰਨਤਾ ਹੋ ਸਕਦੀ ਹੈ। ਕੁਝ ਪ੍ਰਾਂਤਾ ਵਿੱਚ ਇਸ ਬੀਮੇ ਲਈ ਤੁਹਾਨੂੰ ਥੋੜੀ ਮਹਾਵਾਰੀ ਫ਼ੀਸ ਦੇਣੀ ਪਵੇਗੀ। ਇਹ ਜ਼ਰੂਰੀ ਹੈ ਕਿ ਤੁਸੀਂ ਜਿਤਨੀ ਜਲਦੀ ਹੋ ਸਕੇ ਸਿਹਤ ਬੀਮਾ ਕਾਰਡ ਲਈ ਅਰਜ਼ੀ ਦਿਓ, ਕਿਉਂਕਿ ਬਹੁਤ ਪ੍ਰਾਂਤਾ ਵਿੱਚ ਇਸਦਾ ਲਾਭ ਉਠਾਉਣ ਤੋਂ ਪਹਿਲਾਂ ਤੁਹਾਨੂੰ ਉਡੀਕ ਦੇ ਸਮੇਂ ਦੀ ਸ਼ਰਤ ਪੂਰੀ ਕਰਨੀ ਪੈ ਸਕਦੀ ਹੈ। ਜਿਸ ਪ੍ਰਾਂਤ ਵਿੱਚ ਤੁਸੀਂ ਰਹਿੰਦੇ ਹੋ ਉਸੇ ਪ੍ਰਾਂਤ ਤੋਂ ਤੁਹਾਨੂੰ ਆਪਣਾ ਸਿਹਤ ਬੀਮਾ ਕਾਰਡ ਮਿਲ ਜਾਏਗਾ। ਅਰਜ਼ੀ ਦਾ ਫ਼ਾਰਮ ਤੁਹਾਨੂੰ ਡਾਕਟਰ ਦੇ ਦਫ਼ਤਰ, ਹਸਪਤਾਲ, ਫ਼ਾਰਮੇਸੀ ਜਾਂ ਆਵਾਸ-ਸੇਵਾ ਸੰਸਥਾ ਤੋਂ ਮਿਲ ਸਕਦਾ ਹੈ। ਇਹ ਫ਼ਾਰਮ ਤੁਹਾਨੂੰ ਸਿਹਤ ਦੀ ਦੇਖ-ਰੇਖ ਕਰਨ ਵਾਲੇ ਪ੍ਰਾਂਤਕ ਮੰਤਰਾਲਿਆ ਤੋਂ ਵੀ ਮਿਲ ਸਕਦਾ ਹੈ ਅਤੇ ਇਸਦਾ ਟੈਲੀਫ਼ੋਨ ਨੰਬਰ ਤੁਹਾਡੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਦਰਜ ਕੀਤਾ ਗਿਆ ਹੈ। ਤੁਹਾਨੂੰ ਆਪਣੀ ਪਹਿਚਾਣ ਦਾ ਕੋਈ ਸਬੂਤ ਦੇਣਾ ਪਵੇਗਾ ਜਿਵੇਂ ਜਨਮ ਸਰਟੀਫ਼ੀਕੇਟ ਅਤੇ/ਜਾਂ ਰੈਕਰਡ ਆਫ਼ ਲੈਂਡਿੰਗ (Record of Landing IMM 1000).

ਬ੍ਰਿਟਿਸ਼ ਕੋਲੰਬੀਆ, *ਔਂਟੇਰੀਓ* ਅਤੇ ਨਿਊ ਬਰੰਜ਼ਵਿਕ ਵਿੱਚ ਰਹਿਣ ਵਾਲੇ ਪੱਕੇ ਰਹਾਇਸ਼ੀਆਂ ਲਈ ਯੋਗਤਾ ਉਡੀਕ ਦਾ ਸਮਾਂ ਤਿੰਨ ਮਹੀਨੇ ਹੈ। ਇਸ ਸਮੇਂ ਦੇ ਦੌਰਾਨ, ਤੁਹਾਨੂੰ ਆਰਜ਼ੀ ਨਿਜੀ ਸਿਹਤ ਬੀਮੇ ਲਈ ਅਰਜ਼ੀ ਦੇਣੀ ਚਾਹੀਦੀ ਹੈ। ਤੁਹਾਡੀ ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਨਿਜੀ ਬੀਮਾ ਕੰਪਨੀਆ ਆਮ ਤੌਰ ਤੇ "ਇਨਸ਼ਿਉਂਰਸ" (Insurance) ਦੇ ਨਾਮ ਹੇਠਾਂ ਦਰਜ ਹਨ। ਸਰਕਾਰੀ ਸਿਹਤ ਬੀਮਾ ਯੋਜਨਾ ਅਧੀਨ ਜੋ ਸੇਵਾਵਾਂ ਪ੍ਰਦਾਨ ਨਹੀਂ ਕੀਤੀਆਂ ਜਾਂਦੀਆ ਉਹ ਨਿਜੀ ਬੀਮਾ ਕੰਪਨੀਆ ਤੋ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿੱਚ ਦੰਦਾ ਜਾਂ ਹਸਪਤਾਲ ਵਿੱਚ ਨਿਜੀ ਕਮਰੇ ਲੈਣ ਦਾ ਖਰਚ ਸ਼ਾਮਲ ਹੋ ਸਕਦਾ ਹੈ। ਕੁਝ ਮਾਲਕ  ਤੁਹਾਡੇ ਰੋਜ਼ਗਾਰ ਦੀ ਤਨਖਾਹ ਵਿਚੋਂ ਹਰ ਮਹੀਨੇ ਥੋੜੀ ਰਕਮ ਕੱਟ ਕੇ ਵਾਧੂ ਸਿਹਤ ਬੀਮਾ ਵੀ ਦੇਂਦੇ ਹਨ। ਬਹੁਤ ਪ੍ਰਾਂਤਾ ਵਿੱਚ ਸਿਹਤ ਬੀਮਾ, ਡਾਕਟਰ ਦੀ ਹਦਾਇਤ ਹੇਠ ਮਿਲੀਆਂ ਦਵਾਈਆਂ ਤੇ ਹੋਏ ਖਰਚ ਦੀ ਰਕਮ ਨੂੰ ਵੀ ਅਦਾ ਨਹੀਂ ਕਰਦਾ।

ਯਾਦ ਰਹੇ: ਤੁਹਾਡੇ ਪ੍ਰਵਾਰ ਦੇ ਹਰ ਜੀਅ ਕੋਲ ਆਪਣਾ ਨਿਜੀ ਸਿਹਤ ਬੀਮਾ ਕਾਰਡ ਹੋਣਾ ਜ਼ਰੂਰੀ ਹੈ। ਜਦੋਂ ਵੀ ਡਾਕਟਰ ਕੋਲ ਜਾਂ ਹਸਪਤਾਲ ਜਾਣਾ ਹੋਵੇ ਤਾਂ ਆਪਣਾ ਕਾਰਡ ਨਾਲ ਲੈ ਕੇ ਜਾਓ।

ਸਿਹਤ ਬੀਮਾ ਕਾਰਡ ਕਿਸੇ ਨਾਲ ਵੀ ਬਦਲਣਾ ਨਹੀਂ ਚਾਹੀਦਾ। ਇਹ ਕੇਵਲ ਤੁਹਾਡੀ ਵਰਤੋਂ ਲਈ ਹੀ ਹੈ ਅਤੇ ਕਿਸੇ ਹੋਰ ਨੂੰ ਦੇਣ ਨਾਲ ਤੁਸੀਂ ਇਸਦੇ ਲਾਭ ਤੋਂ ਵਾਂਜੇ ਹੋ ਸਕਦੇ ਹੋ। ਤੁਹਾਡੇ ਉਤੇ ਜੁਰਮ ਦਾ ਇਲਜ਼ਾਮ ਵੀ ਲਗ ਸਕਦਾ ਹੈ ਅਤੇ ਤੁਹਾਨੂੰ ਕੈਨੇਡਾ ਛੱਡ ਕੇ ਜਾਣ ਲਈ ਕਿਹਾ ਜਾ ਸਕਦਾ ਹੈ।

## ਡਾਕਟਰ ਅਤੇ ਕਲਿਨਿਕ ਦੀ ਭਾਲ

ਬਹੁਤ ਕੈਨੇਡਾ ਵਾਸੀਆਂ ਦੇ ਆਪਣੇ ਨਿਜੀ ਪ੍ਰਵਾਰਕ ਡਾਕਟਰ ਅਤੇ ਦੰਦਾ ਦੇ ਰੋਗਾਂ ਦੇ ਮਾਹਿਰ ਡਾਕਟਰ (ਡੈਂਟਿਸ) ਚੁਣੇ ਹੋਏ ਹੁੰਦੇ ਹਨ। ਆਵਾਸ-ਸੇਵਾ ਸੰਸਥਾ ਜਾਂ ਆਪਣੇ ਕਿਸੇ ਜਾਣੂ ਤੋਂ ਆਪਣਾ ਡਾਕਟਰ ਚੁਨਣ ਲਈ ਪੁਛੋ। ਤੁਸੀਂ ਆਪਣੀ ਟੈਲੀਫ਼ੋਨ ਕਿਤਾਬ ਵਿੱਚ "Physicians and Surgeons," ਜਾਂ "Dentists" ਦੇ ਨਾਮ ਹੇਠਵੀ ਇਨ੍ਹਾਂ ਨੂੰ ਲੱਭ ਸਕਦੇ ਹੋ। ਕੈਨੇਡਾ ਵਿੱਚ ਕਈ ਮੈਡੀਕਲ ਕਲਿਨਿਕਸ ਹਨ ਜੋ ਬਹੁਤ ਸਾਰੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਦੇ ਹਨ, ਜਾਂ ਮਮੂਲੀ ਅਚਾਨਕ ਤਕਲੀਫ਼ ਸਮੇਂ ਪਹਿਲਾਂ ਮੁਕਰਰ ਕੀਤੇ ਮਿਲਣ ਦਿਨ ਦੇ ਬਿਨਾ ਵੀ ਤੁਹਾਨੂੰ ਦੇਖ ਸਕਦੇ ਹਨ। ਇਹ ਵੀ ਪੀਲੇ ਸਫ਼ਿਆਂ ਵਿੱਚ "Clinics" ਜਾਂ "Clinics-Medical" ਦੇ ਨਾਮ ਹੇਠ ਦਰਜ ਹਨ।

## ਸੰਕਟ ਸਹਾਇਤਾ

ਜੇ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਜ਼ਰੂਰਤ ਹੈ ਤਾਂ ਜਲਦੀ ਹੀ ਆਪਣੇ ਨੇੜੇ ਦੇ ਹਸਪਤਾਲ ਦੇ ਸੰਕਟ ਵਿਭਾਗ (Emergency Department) ਵਿੱਚ ਜਾਓ ਜਾਂ ਸੰਕਟ ਨੰਬਰ "911" ਮਿਲਾਓ।

ਜੇ ਤੁਹਾਨੂੰ ਕੋਈ ਇਹੋ ਜਿਹੀ ਤਕਲੀਫ਼ ਹੈ ਜਿਵੇਂ ਡਾਇਬਟੀਜ਼, ਹਾਈ ਬਲਡ ਪ੍ਰੈਸ਼ਰ ਜਾਂ ਦਵਾਈਆਂ ਤੋਂ ਐਲਰਜੀ ਹੋ ਜਾਣ ਦੀ ਤਕਲੀਫ਼ ਤਾਂ ਆਪਣੇ ਡਾਕਟਰ ਜਾਂ ਹਸਪਤਾਲ ਤੋਂ ਮੈਡੀਕ ਅਲਰਟ ਟੈਗਜ਼ ਅਤੇ ਬ੍ਰੈਸਲੈਟਸ (Medic Alert tags and bracelets) ਦੀ ਮੰਗ ਕਰੋ। ਸੰਕਟ ਸਮੇਂ ਇਹ ਬੜੀ ਲਾਭਦਾਇਕ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

## ਬਚਿਆਂ ਲਈ ਟੀਕੇ

ਬਚਿਆਂ ਨੂੰ ਰੋਗਾਂ ਤੋਂ ਬਚਾਉਣ ਲਈ ਟੀਕੇ ਲਾਉਣਾ, ਜਵਾਨ ਤੇ ਬਜ਼ੁਰਗ ਕੈਨੇਡਾ ਵਾਸੀਆਂ ਨੂੰ ਗੰਭੀਰ ਤੇ ਛੂਤ ਵਾਲੀਆਂ ਬਿਮਾਰੀਆਂ ਤੋਂ ਸੁਰਖਿਅਤ ਰੱਖਣ ਦਾ ਸਾਡਾ ਇਹ ਸਭ ਤੋਂ ਪ੍ਰਭਾਵਸ਼ਾਲੀ ਢੰਗ ਹੈ। ਇਨ੍ਹਾਂ ਵਿੱਚ ਗਲੇ ਦਾ ਰੋਗ (ਡਿਪਥੇਰੀਆ), ਪੋਲੀਓ ਅਤੇ ਟੈਟਨਸ ਵਰਗੀਆਂ ਬਿਮਾਰੀਆਂ ਸ਼ਾਮਲ ਹਨ। ਇਨ੍ਹਾਂ ਬਿਮਾਰੀਆਂ ਦੀ ਰੋਕ ਥਾਮ ਲਈ ਬੱਚੇ ਨੂੰ ਵੈਕਸੀਨ ਦੀ ਛੋਟੀ ਜਿਹੀ ਖ਼ੁਰਾਕ ਦਿਤੀ ਜਾਂਦੀ ਹੈ ਤਾਂ ਕਿ ਇਨ੍ਹਾਂ ਦਾ ਸਾਹਮਣਾ ਕਰਨ ਲਈ ਉਨ੍ਹਾਂ ਦੇ ਸਰੀਰ ਵਿੱਚ ਸ਼ਕਤੀ ਪੈਦਾ ਹੋ ਜਾਏ। ਆਪਣੇ ਬੱਚੇ ਨੂੰ ਟੀਕੇ ਲਗਵਾਉਣ ਲਈ ਤੁਸੀਂ ਆਪਣੇ ਡਾਕਟਰ ਜਾਂ ਬਚਿਆਂ ਦੇ ਡਾਕਟਰ ਜਾਂ ਜਨਤਕ ਸਿਹਤ ਕਲਿਨਿਕ ਨਾਲ ਮਿਲ ਕੇ, ਪ੍ਰਬੰਧ ਕਰ ਸਕਦੇ ਹੋ। ਬੱਚੇ ਨੂੰ ਲਗਾਏ ਗਏ ਟੀਕਿਆਂ ਦਾ ਵੇਰਵਾ ਤੁਹਾਨੂੰ ਦਿਤਾ ਜਾਏਗਾ ਜੋ ਸੰਭਵ ਹੈ ਤੁਹਾਨੂੰ ਉਸਦੇ ਸਕੂਲ ਨੂੰ ਦੇਣਾ ਪਵੇ।

ਕੈਨੇਡਾ ਵਿੱਚ ਇਨ੍ਹਾਂ ਟੀਕਿਆਂ ਲਈ ਇਕ "ਸਮਾਂ-ਸੂਚੀ" ਹੈ। ਉਦ੍ਹਾਰਣ ਵਜੋਂ, ਕੁਝ ਟੀਕੇ ਬੱਚੇ ਨੂੰ ਦੋ ਮਹੀਨੇ, ਚਾਰ ਮਹੀਨੇ, ਅਤੇ ਛੇ ਮਹੀਨੇ ਆਦਿ ਦੀ ਉਮਰ ਵਿੱਚ ਲਗਾਏ ਜਾਂਦੇ ਹਨ। ਇਸ ਸਮਾਂ-ਸੂਚੀ ਸੰਬਧੀ ਆਪਣੇ ਡਾਕਟਰ ਜਾਂ ਬਚਿਆਂ ਦੇ ਮਾਹਿਰ ਡਾਕਟਰ ਤੋਂ ਪੁੱਛ ਪ੍ਰਤੀਤ ਕਰੋ, ਜਾਂ ਆਪਣੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਉਸ ਮਿਉਨਿਸਿਪਲ ਵਿਭਾਗ ਨੂੰ ਲਭੋ ਜੋ ਸਕੂਲਾਂ ਵਿੱਚ ਬਚਿਆਂ ਨੂੰ ਟੀਕੇ ਲਗਾਉਣ ਲਈ ਜ਼ੁਮੇਵਾਰ ਹੈ। ਟੈਲੀਫ਼ੋਨ ਕਿਤਾਬ ਦੇ ਚਿੱਟੇ ਸਫ਼ਿਆਂ ਵਿੱਚ ਤੁਸੀਂ ਕੇਂਦਰੀ ਸਹਾਇਤਾ ਲਾਈਨ "Immunization" ਨਾਲ (ਇਮੂਨਾਈਜ਼ੇਸ਼ਨ) ਦੇ ਨਾਮ ਹੇਠਾਂ ਲੱਭ ਕੇ, ਸੰਪਰਕ ਪੈਦਾ ਕਰ ਸਕਦੇ ਹੋ। ਇਹ ਸਮਾਂ-ਸੂਚੀ ਹਰ ਪ੍ਰਾਂਤ ਵਿੱਚ ਕੁਝ ਭਿੰਨ ਹੋ ਸਕਦੀ ਹੈ।

## ਬਾਲਗ ਵਿਅਕਤੀਆਂ ਲਈ ਟੀਕੇ

ਜੇ ਕੈਨੇਡਾ ਵਿੱਚ ਆਉਣ ਤੋਂ ਪਹਿਲਾਂ ਤੁਸੀਂ ਰੋਕ-ਥਾਮ ਵਾਲੀਆਂ ਬਿਮਾਰੀਆਂ ਦੇ ਟੀਕੇ ਨਹੀਂ ਲਗਵਾਏ ਤਾਂ ਤੁਹਾਨੂੰ ਬਹੁਤ ਜਲਦੀ ਆਪਣੇ ਡਾਕਟਰ ਜਾਂ ਸਥਾਨਕ ਸਿਹਤ ਕਲਿਨਿਕ ਵਿੱਚ ਜਾਣਾ ਚਾਹੀਦਾ ਹੈ।

## ਡਾਕਟਰੀ ਨਿਗਰਾਨੀ

ਕੈਨੇਡਾ ਦੇ ਵਸਨੀਕ ਬਨਣ ਤੋਂ ਪਹਿਲਾਂ ਜਦੋਂ ਤੁਸੀਂ ਡਾਕਟਰੀ ਜਾਂਚ ਕਰਵਾਈ ਸੀ ਤਾਂ ਤੁਹਾਨੂੰ ਦਸਿਆ ਗਿਆ ਹੋਵੇਗਾ ਕਿ ਕੈਨੇਡਾ ਵਿੱਚ ਪਹੁੰਚਣ ਤੋਂ ਬਾਦ ਤੁਹਾਨੂੰ ਫ਼ਿਰ ਡਾਕਟਰੀ ਮੁਆਇਨਾ ਕਰਵਾਣਾ ਹੋਵੇਗਾ। ਇਸ ਨੂੰ ਡਾਕਟਰੀ ਨਿਗਰਾਨੀ ਕਹਿੰਦੇ ਹਨ ਜੋ ਉਨ੍ਹਾਂ ਵਾਸਤੇ ਹੈ ਜਿਨ੍ਹਾਂ ਨੂੰ ਛੂਤ ਵਾਲੀ ਸੁਸਤ ਬਿਮਾਰੀ ਹੁੰਦੀ ਹੈ। ਇਹ ਬਹੁਤ ਜ਼ਰੂਰੀ ਹੈ ਕਿ ਕੈਨੇਡਾ ਵਿੱਚ ਆਉਣ ਦੇ 30 ਦਿਨਾਂ ਦੇ ਅੰਦਰ ਅੰਦਰ ਤੁਸੀਂ ਆਪਣੇ ਪ੍ਰਾਂਤ ਜਾਂ ਇਲਾਕੇ ਦੇ ਜਨਤਕ ਸਿਹਤ ਅਧਿਕਾਰੀ ਨੂੰ ਟੈਲੀਫ਼ੋਨ ਕਰਕੇ ਸੂਚਨਾ ਦਿਓ। ਇਹ ਨੰਬਰ ਤੁਹਾਨੂੰ ਆਪਣੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਮਿਲ ਜਾਏਗਾ। ਇਹ ਤੁਹਾਡੀ ਅਤੇ ਤੁਹਾਡੇ ਸਾਥੀ ਕੈਨੇਡਾ ਵਾਸੀਆਂ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ।

## ਗਰਭ

ਗਰਭ ਸਮੇਂ ਛੁੱਟੀ ਲੈਣਾ ਕੈਨੇਡਾ ਵਿੱਚ ਕੰਮ ਕਰਨ ਵਾਲੀਆਂ ਸਭ ਮਾਵਾਂ ਦਾ ਹੱਕ ਹੈ। ਜੇ ਤੁਸੀਂ ਗਰਭ ਅਵਸਥਾ ਵਿੱਚ ਹੋ ਅਤੇ ਕੁਝ ਸਮੇਂ ਲਈ ਕੰਮ ਕਰਨਾ ਬੰਦ ਕਰਨਾ ਚਾਹੁੰਦੇ ਹੋ ਤਾਂ ਕੁਝ ਨਿਰਧਾਰਤ ਸਮੇਂ ਲਈ ਆਪਣੇ ਮਾਲਕ ਤੋਂ ਛੁੱਟੀ ਲੈ ਸਕਦੇ ਹੋ। ਤੁਸੀਂ ਤਨਖਾਹ ਸਮੇਤ ਛੁੱਟੀ ਜਾਂ ਗਰਭ-ਅਵਸਥਾ ਸਮੇਂ ਦੇ ਲਾਭ ਲਈ ਯੋਗ ਵੀ ਹੋ ਸਕਦੇ ਹੋ। ਤੁਸੀਂ ਪ੍ਰਾਂਤਕ ਮੰਤਰਾਲਿਆ, ਜੋ ਕੰਮ ਕਰਨ ਵਾਲਿਆਂ ਦੀ ਦੇਖ-ਭਾਲ ਕਰਦੇ ਹਨ ਜਾਂ ਮਨੁੱਖੀ ਸਾਧਨ ਵਿਕਾਸ ਕੈਨੇਡਾ (Human Resources Development Canada) ਦੇ ਦਫ਼ਤਰ ਤੋਂ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਬੱਚੇ ਦੇ ਜਨਮ ਤੋਂ ਪਹਿਲਾਂ ਅਤੇ ਬਾਦ ਵਿੱਚ ਸਹਾਇਤਾ ਅਤੇ ਜਾਣਕਾਰੀ ਲਈ, ਆਪਣੇ ਸਥਾਨਕ ਭਾਈਚਾਰਕ ਸੇਵਾ ਕੇਂਦਰ ਜਾਂ ਹਸਪਤਾਲ ਨਾਲ ਸੰਪਰਕ ਪੈਦਾ ਕਰੋ। ਉਹ ਗਰਭ ਅਵਸਥਾ ਸਬੰਧੀ ਕੋਰਸ, ਡਾਕਟਰੀ ਸਹਾਇਤਾ, ਨਰਸ ਦੀ ਸੇਵਾ ਅਤੇ ਹੋਰ ਨਵੀਆਂ ਮਾਵਾਂ ਨੂੰ ਮਿਲ ਸਕਣ ਦੇ ਮੌਕੇ ਪ੍ਰਦਾਨ ਕਰਦੇ ਹਨ। ਜਿਸ ਪ੍ਰਾਂਤ ਵਿੱਚ ਤੁਸੀਂ ਰਹਿੰਦੇ ਹੋ ਉੱਥੇ ਬੱਚੇ ਦੇ ਜਨਮ ਨੂੰ ਰਜਿਸਟਰ ਕਰਵਾਉਣ ਸਬੰਧੀ ਵੀ ਜਾਣਕਾਰੀ ਤੁਹਾਨੂੰ ਉਹ ਦੇਣਗੇ ਤਾਂ ਕਿ ਤੁਹਾਨੂੰ ਬੱਚੇ ਦੇ ਜਨਮ ਤੇ ਸਰਕਾਰੀ ਬਰਥ ਸਰਟੀਫ਼ੀਕੇਟ ਮਿਲ ਸਕੇ। ਉਹ ਤੁਹਾਨੂੰ ਗਰਭ-ਵੱਸ ਅਤੇ ਗਰਭ-ਪਾਤ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਨ।

ਕੀ ਤੁਸੀਂ ਸਿਹਤ ਬੀਮਾ ਕਾਰਡ ਲਈ ਅਰਜ਼ੀ ਦਿਤੀ ਹੈ?

## ਵਧੇਰੇ ਜਾਣਕਾਰੀ ਲਈ...

ਤੁਹਾਡੀ ਟੈਲੀਫ਼ੋਨ ਕਿਤਾਬ ਦੇ ਚਿੱਟੇ ਸਫ਼ਿਆਂ ਦੇ ਪਹਿਲੇ ਭਾਗ ਵਿੱਚ ਮਹਤੱਵ ਪੂਰਨ ਡਾਕਟਰੀ ਸੰਕਟ ਸਮੇਂ ਦੇ ਨੰਬਰ ਦਰਜ ਕੀਤੇ ਗਏ ਹਨ। ਡਾਕਟਰਾਂ ਅਤੇ ਕਲਿਨਿਕਸ ਸਬੰਧੀ ਨੰਬਰਾ ਲਈ ਪੀਲੇ ਸਫ਼ਿਆਂ ਵਿੱਚ ਦੇਖੋ। ਪ੍ਰਾਂਤਕ ਸਿਹਤ ਮੰਤਰਾਲਿਆ ਅਤੇ ਸਿਹਤ ਕੈਨੇਡਾ (Health Canada) ਵਲੋਂ (ਇਹ ਤੁਹਾਡੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਕੇਂਦਰੀ ਸਰਕਾਰ ਦੇ ਨੰਬਰਾ ਦੀ ਲਿਸਟ ਵਿੱਚ ਦਰਜ ਹਨ), ਛਪੇ ਕਈ ਵਿਸ਼ਿਆਂ ਤੇ ਮੁਫ਼ਤ ਪੈਂਫ਼ਲਟ ਵੀ ਮਿਲ ਸਕਦੇ ਹਨ। ਇਹ ਪੈਂਫ਼ਲਟ ਡਾਕਟਰਾਂ ਦੇ ਦਫ਼ਤਰਾਂ ਅਤੇ ਦਵਾਈਆਂ ਦੀਆਂ ਦੁਕਾਨਾਂ (ਡਰਗ ਸਟੋਰਾਂ) ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।

## ਸਮਾਜਕ ਬੀਮਾ ਨੰਬਰ ਕਾਰਡ (Social Insurance Number Card) ਲਈ ਅਰਜ਼ੀ ਦੇਣਾ

**ਕੈ**ਨੇਡਾ ਵਿੱਚ ਆਉਣ ਤੋਂ ਬਾਦ ਜੋ ਸਭ ਤੋਂ ਜ਼ਰੂਰੀ ਕੰਮ ਤੁਸੀਂ ਕਰਨਾ ਹੈ, ਉਹ ਹੈ ਸਮਾਜਕ ਬੀਮਾ ਨੰਬਰ ਕਾਰਡ (Social Insurance Number Card) SIN ਲਈ ਅਰਜ਼ੀ ਦੇਣਾ। ਇੱਥੇ ਕੰਮ ਕਰਨ ਲਈ, ਬੈਂਕ ਵਿੱਚ ਖਾਤਾ (ਐਕਉਂਟ) ਖੋਲ੍ਹਣ ਲਈ ਜਾਂ ਟੈਕਸ ਦੇ ਆਪਣੇ ਬਣਦੇ ਪੈਸੇ ਲੈਣ ਲਈ ਇਸਦੀ ਤੁਹਾਨੂੰ ਜ਼ਰੂਰਤ ਹੈ। ਇਸ ਨੰਬਰ ਤੋਂ ਸਰਕਾਰ ਨੂੰ ਇਹ ਪਤਾ ਲਗ ਜਾਂਦਾ ਹੈ ਕਿ ਕੌਣ ਪੈਸੇ ਕਮਾਉਂਦਾ ਹੈ, ਟੈਕਸ ਦੇਂਦਾ ਹੈ, ਪੈਨਸ਼ਨ ਪਲੈਨ ਵਿੱਚ ਆਪਣਾ ਹਿੱਸਾ ਪਾਉਂਦਾ ਹੈ ਅਤੇ ਸਰਕਾਰੀ ਸੇਵਾਵਾਂ ਦੀ ਵਰਤੋਂ ਕਰਦਾ ਹੈ। ਤੁਹਾਡੇ ਕੰਮ ਤੇ ਮਾਲਕ ਤੁਹਾਡੇ ਤੋਂ ਇਸ ਨੰਬਰ ਦੀ ਮੰਗ ਕਰੇਗਾ।

ਇਸ ਲਈ ਅਰਜ਼ੀ ਦੇਣ ਵਾਸਤੇ, ਆਪਣੇ ਨੇੜੇ ਦੇ ਮਨੁੱਖੀ ਸਾਧਨ ਵਿਕਾਸ ਕੈਨੇਡਾ (Human Resources Development Canada) ਦੇ ਦਫ਼ਤਰ ਵਿੱਚ ਜਾਓ (ਤੁਹਾਡੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਇਹ ਦਰਜ ਹੈ)। ਨਵੇਂ ਆਵਾਸੀ ਹੋਣ ਕਰਕੇ ਤੁਹਾਨੂੰ ਆਪਣਾ ਅਸਲੀ ਰੈਕਰਡ ਆਫ਼ ਲੈਂਡਿੰਗ (Record of Landing IMM 1000) ਦੇਣਾ ਪਵੇਗਾ। ਜੇ ਤੁਹਾਡਾ ਨਾਮ SIN ਕਾਰਡ ਦੀ ਅਰਜ਼ੀ ਵਿੱਚ ਇਸ ਪੇਸ਼ ਕੀਤੇ ਜਾ ਰਹੇ ਪੱਤਰ ਤੋਂ ਭਿੰਨ ਹੈ ਤਾਂ ਤੁਹਾਨੂੰ ਵਿਆਹ ਦਾ ਸਰਟੀਫ਼ੀਕੇਟ ਜਾਂ ਨਾਮ ਬਦਲੀ ਦਾ ਪੱਤਰ ਵੀ ਨਾਲ ਦਿਖਾਉਣਾ ਪਵੇਗਾ।

ਯਾਦ ਰਹੇ: ਇਸ ਗਲ ਦਾ ਨਿਸਚਾ ਕਰ ਲਵੋ ਕਿ ਤੁਹਾਡਾ ਨਾਮ ਸਾਰੇ ਕਾਗਜ਼-ਪੱਤਰਾਂ ਵਿੱਚ ਉਹੀ ਹੋਵੇ। ਇਹ ਨਾਮ ਹਮੇਸ਼ਾਂ ਉਸੇ ਵਿਅਕਤੀ ਦਾ ਹੋਣਾ ਚਾਹੀਦਾ ਹੈ, ਅਤੇ ਇਸਦੇ ਸ਼ਬਦ-ਜੋੜ ਬਿਲਕੁਲ ਸਹੀ ਹੋਣੇ ਜ਼ਰੂਰੀ ਹਨ।

## ਕੈਨੇਡਾ ਬਾਲ ਕਰ ਭੱਤੇ (Canada Child Tax Benefit) ਲਈ ਅਰਜ਼ੀ ਦੇਣਾ

ਜੇ ਤੁਹਾਡੇ ਬੱਚੇ 18 ਸਾਲ ਦੀ ਉਮਰ ਤੋਂ ਘੱਟ ਹਨ ਤਾਂ ਸਭੰਵ ਹੈ ਕੈਨੇਡਾ ਸਰਕਾਰ ਉਨ੍ਹਾਂ ਦੇ ਪਾਲਣ-ਪੋਸਣ ਦੇ ਖਰਚ ਵਿੱਚ ਤੁਹਾਡੀ ਕੁਝ ਸਹਾਇਤਾ ਕਰ ਸਕੇ। ਇਸ ਮਹਾਵਾਰੀ ਟੈਕਸ-ਮੁਕਤ ਰਕਮ ਨੂੰ ਕੈਨੇਡਾ ਬਾਲ ਕਰ ਭੱਤੇ (Canada Child Tax benefit) ਕਹਿੰਦੇ ਹਨ। ਇਸ ਭੱਤੇ ਦੀ ਰਕਮ ਤੇ ਕਈ ਗਲਾਂ ਦਾ ਪ੍ਰਭਾਵ ਪੈਂਦਾ ਹੈ ਜਿਵੇਂ: ਤੁਹਾਡੀ ਪ੍ਰਵਾਰਕ ਆਮਦਨ, ਬਚਿਆਂ ਦੀ ਗਿਣਤੀ ਅਤੇ ਉਨ੍ਹਾਂ ਦੀਆਂ ਉਮਰਾਂ, ਅਤੇ ਪ੍ਰਾਂਤ ਜਾਂ ਇਲਾਕਾ ਜਿੱਥੇ ਤੁਸੀਂ ਰਹਿ ਰਹੇ ਹੋ। ਜਦੋਂ ਤੁਸੀਂ ਅਰਜ਼ੀ ਦਿਓ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣਾ ਕੈਨੇਡਾ ਵਿੱਚ ਆਵਾਸ ਸਟੇਟਸ ਦਾ ਸਬੂਤ, ਅਤੇ ਕੈਨੇਡਾ ਤੋਂ ਬਾਹਰ ਪੈਦਾ ਹੋਏ ਕਿਸੇ ਵੀ ਬੱਚੇ ਦਾ ਸਬੂਤ ਨਾਲ ਦਿਓ।

ਕੈਨੇਡਾ ਬਾਲ ਕਰ ਭੱਤੇ ਦੀ ਅਰਜ਼ੀ ਦੇਣ ਲਈ, ਤੁਹਾਨੂੰ ਇਨਕਮ ਟੈਕਸ ਅਤੇ ਬੈਨਿਫ਼ਿਟ ਰਿਟਰਨ (Income Tax and Benefit Return) ਭਰਨੀ ਹੋਵੇਗੀ। ਜੇ ਤੁਸੀਂ ਸਮੇਂ ਸਿਰ ਰਿਟਰਨ ਭਰਨ ਲਈ ਉਸ ਵਕਤ ਕੈਨੈਡਾ ਦੇ ਰਹਾਇਸ਼ੀ ਨਹੀਂ ਸੀ, ਤਾਂ ਤੁਹਾਨੂੰ ਇਕ ਵਖਰਾ ਫ਼ਾਰਮ ਆਪਣੀ ਦੁਨੀਆ ਦੀ ਆਮਦਨ ਦਸਣ ਲਈ ਭਰਨਾ ਹੋਵੇਗਾ।

ਇਹ ਫ਼ਾਰਮ ਅਤੇ ਕੈਨੇਡਾ ਬਾਲ ਕਰ ਭੱਤੇ ਬਾਰੇ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਕੈਨੇਡਾ ਆਯਾਤ-ਕਰ ਅਤੇ ਆਮਦਨ ਏਜੰਸੀ (Canada Customs and Revenue Agency) ਦੇ ਇਸ ਟੈਲੀਫ਼ੋਨ ਨੰਬਰ ਤੇ (613) 941-9300 ਜਾਂ ਮੁਫ਼ਤ ਨੰਬਰ ਤੇ 1-800-387-1193 ਫ਼ੋਨ ਕਰ ਸਕਦੇ ਹੋ, ਜਾਂ http://www.ccra-adrc.gc.ca ਤੇ ਵੀ ਸੰਪਰਕ ਸਥਾਪਿਤ ਕਰ ਸਕਦੇ ਹੋ।

ਜੇ ਤੁਸੀਂ ਕੁਬੈਕ ਵਿੱਚ ਰਹਿੰਦੇ ਹੋ ਤਾਂ ਕੈਨੇਡਾ ਆਯਾਤ ਕਰ ਅਤੇ ਆਮਦਨ ਏਜੰਸੀ (Canada Customs and Revenue Agency) ਆਪਣੇ ਆਪ Régie des rentes du Québec ਦੀ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਆਪਣੇ ਬਚਿਆਂ ਨੂੰ ਕੁਬੈਕ ਪ੍ਵਾਰਕ ਐਲਉਂਸ ਲਈ ਚਾਹੀਦੀ ਹੈ ਭੇਜ ਦੇਵੇਗਾ।

# ਰਹਿਣ ਲਈ ਥਾਂ ਦੀ ਭਾਲ

## ਕਰਾਏ ਤੇ ਰਹਿਣਾ

**ਬ**ਹੁਤ ਕੈਨੇਡਾ ਵਾਸੀ ਕਰਾਏ ਤੇ ਰਹਿੰਦੇ ਹਨ, ਅਤੇ ਬਹੁ-ਗਿਣਤੀ ਵਿੱਚ ਨਵੇਂ ਆਏ ਲੋਕ ਵੀ, ਘਟੋ ਘੱਟ ਪਹਿਲੇ ਕੁਝ ਸਾਲ ਕਰਾਏ ਤੇ ਹੀ ਰਹਿੰਦੇ ਹਨ। ਅਖਬਾਰ ਦੇ ਕਲਾਸੀਫਾਈਡ ਐਡਵਰਟਾਈਜ਼ਿੰਗ (classified advertising) ਭਾਗ ਵਿੱਚ ਕਰਾਏ ਤੇ ਮਿਲਦੇ ਅਪਾਰਟਮੈਂਟ ਅਤੇ ਘਰਾਂ ਦਾ ਵੇਰਵਾ ਦਰਜ ਹੁੰਦਾ ਹੈ। ਜਿਸ ਇਲਾਕੇ ਵਿੱਚ ਤੁਸੀਂ ਰਹਿਣਾ ਚਾਹੁੰਦੇ, ਉੱਥੇ ਥੋੜਾ ਘੁੰਮ ਫ਼ਿਰ ਕੇ ਦੇਖਣਾ ਤੁਹਾਡੇ ਲਈ ਲਾਭਵੰਦ ਸਿਧ ਹੋ ਸਕਦਾ ਹੈ। "ਕਰਾਏ ਲਈ ਖਾਲੀ" ਵਰਗੇ ਇਸ਼ਤਿਹਾਰਾਂ ਵਲ ਵੀ ਧਿਆਨ ਦਿਓ ਜੋ ਅਕਸਰ ਇਮਾਰਤਾਂ ਤੇ ਜਾਂ ਉਨ੍ਹਾਂ ਦੇ ਨੇੜੇ ਲਗੇ ਹੋਏ ਹੁੰਦੇ ਹਨ। ਜਿਹੜੀ ਥਾਂ ਪਹਿਲਾਂ ਦੇਖੋ ਉਹੀ ਨਾ ਲੈ ਲਵੋ ਘੁੰਮ-ਫ਼ਿਰ ਕੇ ਹੋਰ ਥਾਵਾਂ ਦੇਖੋ ਤੇ ਪਤਾ ਲਗਾਓ ਕਿ ਕੀ ਕੁਝ ਹੋਰ ਮਿਲ ਸਕਦਾ ਹੈ। ਕੀਮਤਾ ਵਿੱਚ ਵੀ ਅਕਸਰ ਬਹੁਤ ਅੰਤਰ ਹੁੰਦਾ ਹੈ।

ਕੁਝ ਅਪਾਰਟਮੈਂਟਸ ਇਕ ਮਹੀਨੇ ਲਈ ਕਰਾਏ ਤੇ ਲਈਆਂ ਜਾ ਸਕਦੀਆਂ ਹਨ, ਪਰ ਬਹੁਤ ਸਾਰੇ ਕਰਾਏ ਦੇ ਘਰਾਂ ਲਈ ਇਕ ਸਾਲ ਦੇ ਪਟੇ (lease) ਤੇ ਦਸਖਤ ਕਰਨੇ ਹੁੰਦੇ ਹਨ। ਤੁਹਾਡੇ ਤੇ ਮਕਾਨ ਮਾਲਕ ਵਿਚਕਾਰ ਇਹ ਇਕ ਕਨੂੰਨੀ ਠੇਕਾ ਹੈ। ਇਸ ਗਲ ਦਾ ਚੰਗੀ ਤਰ੍ਹਾਂ ਨਿਸਚਾ ਕਰ ਲਵੋ ਕਿ ਤੁਹਾਨੂੰ ਕਿਤਨੀ ਰਕਮ ਦੇਣੀ ਪਵੇਗੀ ਅਤੇ ਤੁਹਾਡੇ ਕਰਾਏ ਵਿੱਚ ਕੀ ਕੁਝ ਸ਼ਾਮਲ ਹੈ। ਉਦ੍ਹਾਰਣ ਵਜੋਂ, ਕੀ ਘਰ ਗਰਮ ਕਰਨ ਦਾ ਖਰਚ ਤੁਹਾਨੂੰ ਦੇਣਾ ਪਵੇਗਾ ਜਾਂ ਇਹ ਕਰਾਏ ਵਿੱਚ ਸ਼ਾਮਲ ਹੈ? ਸਰਦੀ ਦੇ ਮੌਸਮ ਵਿੱਚ ਕੈਨੇਡਾ ਵਿੱਚ ਬਹੁਤ ਠੰਢ ਪੈਂਦੀ ਹੇ ਅਤੇ ਘਰ ਗਰਮ ਕਰਨਾ ਬਹੁਤ ਮਹਿੰਗਾ ਸਿਧ ਹੋ ਸਕਦਾ ਹੈ। ਕੀ ਤੁਹਾਨੂੰ ਪਾਲਤੂ ਜਾਨਵਰ ਰੱਖਣ ਦੀ ਆਗਿਆ ਹੈ? ਕੀ ਫ਼ਰਿਜ ਤੇ ਸਟੋਵ ਸ਼ਾਮਲ ਹਨ? ਕੀ ਤੁਹਾਨੂੰ ਮਿਊਨਸਿਪਲ ਟੈਕਸ ਦੇਣੇ ਪੈਣਗੇ? ਆਪਣੀ ਪਸੰਦ ਦੀ ਅਪਾਰਟਮੈਂਟ ਕਰਾਏ ਤੇ ਲੈਣ ਲਈ, ਸਭੰਵ ਹੈ ਤੁਹਾਨੂੰ ਸੁਰਖਿਅਤ ਰਕਮ (security deposit) ਜਮ੍ਹਾ ਕਰਵਾਉਣੀ ਪਵੇ (ਜਿਵੇਂ ਪਹਿਲੇ ਮਹੀਨੇ ਦਾ ਕਰਾਇਆ)। ਪਟੇ ਤੇ ਦਸਖਤ ਕਰਨ ਤੋਂ ਪਹਿਲਾਂ ਇਸਨੂੰ ਧਿਆਨ ਨਾਲ ਪੜ੍ਹ ਲਵੋ।

ਅਪਾਰਟਮੈਂਟ ਵਿੱਚ ਪਏ ਘਰ ਦੇ ਸਾਮਾਨ ਨੂੰ ਬਦਲਣ ਦੇ ਖਰਚ ਵਾਸਤੇ ਤੁਹਾਨੂੰ ਕਰਾਏਦਾਰ ਦਾ ਬੀਮਾ ਖਰੀਦ ਲੈਣਾ ਚਾਹੀਦਾ ਹੈ। ਆਪਣੇ ਭਾਈਚਾਰੇ ਵਿੱਚ ਜਾਂ ਆਵਾਸ-ਸੇਵਾ ਸੰਸਥਾ ਤੇ ਕਿਸੇ ਨੂੰ ਮਿਲਕੇ ਘਰ ਕਰਾਏ ਤੇ ਲੈਣ ਸਬੰਧੀ ਪੁੱਛ-ਪੜਤਾਲ ਕਰਨ ਨਾਲ ਤੁਹਾਨੂੰ ਕਾਫ਼ੀ ਜਾਣਕਾਰੀ ਮਿਲ ਸਕਦੀ ਹੈ। ਉਹ ਤੁਹਾਨੂੰ ਪਟੇ ਵਿੱਚ ਲਿਖੀ ਕਨੂੰਨੀ ਸ਼ਬਦਾਵਲੀ ਵੀ ਸਮਝਾ ਸਕਦੇ ਹਨ।

ਯਾਦ ਰਹੇ: ਜੇ ਤੁਸੀਂ ਜਲਦੀ ਇਹ ਘਰ ਛਡਕੇ ਜਾਣਾ ਚਾਹੁੰਦੇ ਹੋ ਤਾਂ ਪਟੇ ਤੇ ਦਸਤਖਤ ਨਾ ਕਰੋ।

## ਕਰਾਏਦਾਰ ਦੇ ਨਾਤੇ ਤੁਹਾਡੇ ਹੱਕ

ਕਰਾਏਦਾਰ (ਜੋ ਇਕ ਕਮਰਾ, ਅਪਾਰਟਮੈਂਟ ਜਾਂ ਘਰ ਕਰਾਏ ਤੇ ਲੈਂਦਾ ਹੈ) ਅਤੇ ਮਕਾਨ ਮਾਲਕ ਦੋਹਾਂ ਦੇ ਕੁਝ ਕਨੂੰਨੀ ਹੱਕ ਹਨ। ਅਜਿਹੇ ਕਨੂੰਨ ਹਨ ਜੋ ਤੁਹਾਨੂੰ ਅਚਾਨਕ ਕਰਾਏ ਵਿੱਚ ਵਾਧੇ ਜਾਂ ਜ਼ਬਰਦਸਤੀ ਅਪਾਰਟਮੈਂਟ ਖਾਲੀ ਕਰਨ ਵਰਗੇ ਹਾਦਸਿਆਂ ਤੋਂ ਬਚਾਉਂਦੇ ਹਨ। ਜਿੱਥੇ ਤੁਸੀਂ ਚਾਹੋ ਉੱਥੇ ਤੁਹਾਨੂੰ ਰਹਿਣ ਦਾ ਹੱਕ ਹੈ। *ਕੈਨੇਡਾ ਦੇ*

*ਹੱਕਾਂ ਅਤੇ ਆਜ਼ਾਦੀਆਂ ਦੇ ਰਾਜ-ਪੱਤਰ (Canadian Charter of Rights and Freedoms)* ਅਨੁਸਾਰ ਰੰਗ, ਧਰਮ, ਲਿੰਗ, ਉਮਰ ਜਾਂ ਅਯੋਗਤਾ (ਸਰੀਰਕ, ਮਾਨਸਿਕ ਆਦਿ) ਦੇ ਆਧਾਰ ਤੇ ਵਿਤਕਰਾ ਕਰਨ ਦੀ ਆਗਿਆ ਨਹੀਂ ਹੈ। ਪ੍ਰਾਂਤਕ ਮਕਾਨ ਮਾਲਕ ਅਤੇ ਕਰਾਏਦਾਰ ਦੇ ਕਨੂੰਨ ਵੀ ਅਜਿਹੇ ਵਿਤਕਰਿਆਂ ਤੋਂ ਰਖਿਆ ਕਰਦੇ ਹਨ। ਤੁਹਾਡੀਆਂ ਵੀ ਕੁਝ ਜ਼ੁਮੇਵਾਰੀਆਂ ਹਨ। ਇਹ ਜ਼ਰੂਰੀ ਹੈ ਕਿ ਘਰ ਜਾਂ ਅਪਾਰਟਮੈਂਟ ਜੋ ਤੁਸੀਂ ਕਰਾਏ ਤੇ ਲਿਆ ਹੈ ਉਸਨੂੰ ਉਸੇ ਹਾਲਤ ਵਿੱਚ ਰੱਖੋ ਜਿਸ ਤਰ੍ਹਾਂ ਤੁਸੀਂ ਲਿਆ ਸੀ। ਜੇ ਤੁਹਾਨੂੰ ਜਾਣਕਾਰੀ ਜਾਂ ਸਹਾਇਤਾ ਦੀ ਜ਼ਰੂਰਤ ਹੈ ਤਾਂ ਘਰਾਂ ਸਬੰਧੀ ਜ਼ੁਮੇਵਾਰ ਪ੍ਰਾਂਤਕ ਜਾਂ ਮਿਊਂਨਸਿਪਿਲ ਸਰਕਾਰੀ ਵਿਭਾਗਾਂ, ਜਿਨ੍ਹਾਂ ਨੂੰ ਕਈ ਵਾਰ ਕਰਾਇਆ ਬੋਰਡ (rental board) ਵੀ ਕਹਿੰਦੇ ਹਨ ਨਾਲ ਸੰਪਰਕ ਪੈਦਾ ਕਰੋ, ਜਾਂ ਪ੍ਰਾਂਤਕ ਮਕਾਨ ਮਾਲਕ ਅਤੇ ਕਰਾਏਦਾਰ ਨਿਯਮ ਨੂੰ ਦੇਖੋ। ਇਹ ਨੰਬਰ ਤੁਹਾਨੂੰ ਆਪਣੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਮਿਲ ਜਾਏਗਾ। ਭਾਈਚਾਰਕ ਸਮੂਹਾਂ ਤੋਂ ਵੀ ਤੁਸੀਂ ਜਾਣਕਾਰੀ ਜਾਂ ਸਹਾਇਤਾ ਲਈ ਮੰਗ ਕਰ ਸਕਦੇ ਹੋ।

## ਖਰੀਦਣਾ

ਘਰ ਖਰੀਦਣਾ ਇਕ ਬਹੁਤ ਵੱਡਾ ਕਦਮ ਹੈ, ਅਜਿਹਾ ਕਰਨ ਤੋਂ ਪਹਿਲਾਂ ਸ਼ਾਇਦ ਤੁਸੀਂ ਇਸ ਮੁਲਕ ਵਿੱਚ ਥੋੜੇ ਆਪਣੇ ਪੈਰ ਜਮਾਉਣੇ ਚਾਹੋਗੇ। ਕੈਨੇਡਾ ਵਿੱਚ ਬਹੁਤੇ ਘਰ ਰੀਅਲ ਇਸਟੇਟ ਏਜੰਟਸ (real estate agents) ਵਲੋਂ ਵੇਚੇ ਜਾਂਦੇ ਹਨ, ਕੁਝ ਮਕਾਨ ਮਾਲਕ ਆਪ ਵੀ ਵੇਚਦੇ ਹਨ। ਤੁਸੀਂ ਘਰਾਂ ਦੇ ਬਾਹਰ "ਵੇਚਣ ਲਈ" (For Sale) ਦਾ ਬੋਰਡ ਲਗਿਆ ਦੇਖੋਗੇ। ਰੋਜ਼ਾਨਾ ਦੀ ਅਖਬਾਰ ਵਿੱਚ ਕਲਾਸੀਫਾਈਡ ਐਡਵਰਟਾਈਜ਼ਿੰਗ ਭਾਗ ਵਿੱਚ ਵੀ ਤੁਸੀਂ ਇਸ ਬਾਰੇ ਪੜ੍ਹ ਸਕਦੇ ਹੋ।

ਘਰ ਖਰੀਦਣ ਲਗਿਆਂ ਇਹ ਗਲ ਯਾਦ ਰਖਣੀ ਬਹੁਤ ਜ਼ਰੂਰੀ ਹੈ ਕਿ ਇਸ ਵਿੱਚ ਬਹੁਤ ਸਾਰੇ ਛੁਪੇ ਹੋਏ ਖਰਚ ਹੁੰਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ, ਕੁਝ ਪ੍ਰਾਂਤਾ ਵਿੱਚ ਏਜੰਟ ਦੀ ਫ਼ੀਸ, ਵਕੀਲ ਜਾਂ ਨਾਜ਼ਰ ਰਜਿਸਟਰੀ (notary) ਦੀ ਫ਼ੀਸ, ਸਾਲਾਨਾ ਜਾਇਦਾਦ ਦਾ ਟੈਕਸ, ਘਰ ਦਾ ਬੀਮਾ, ਰਜਿਸਟਰ ਕਰਵਾਉਣ ਦੀ ਫ਼ੀਸ, ਘਰ ਖਰੀਦਣ ਵਾਲੇ ਦੇ ਕਈ ਤਰ੍ਹਾਂ ਦੇ ਹੋਰ ਟੈਕਸ, ਅਤੇ ਘਰ ਚਲਾਉਣ ਲਈ ਖਰਚ – ਘਰ ਗਰਮ ਕਰਨਾ, ਬਿਜਲੀ, ਪਾਣੀ, ਗੰਦੇ ਪਾਣੀ ਦਾ ਨਿਕਾਸ ਆਦਿ। ਘਰ ਖਰੀਦਣ ਤੋਂ ਪਹਿਲਾਂ ਇਹ ਬਹੁਤ ਧਿਆਨ ਨਾਲ ਵਿਚਾਰ ਲੈਣਾ ਕਿ ਤੁਹਾਡੇ ਕੀ ਕੀ ਖਰਚ ਹਨ।

ਕੈਨੇਡਾ ਗਿਰਵੀ ਅਤੇ ਘਰ ਨਿਗਮ (Canada Mortgage and Housing Corporation) ਵਲੋਂ ਚਲਾਏ ਗਏ ਪਹਿਲੇ ਘਰ ਦੇ ਕਰਜ਼ ਬੀਮਾ ਪ੍ਰੋਗਰਾਮ (First Home Loan Insurance Program) ਸਬੰਧੀ, ਸਭੰਵ ਹੈ ਤੁਸੀਂ ਜਾਣਨਾ ਚਾਹੋ। ਇਸ ਨਾਲ ਤੁਸੀਂ ਘੱਟ ਬਿਆਨਾ (down payment) ਦੇ ਕੇ ਘਰ ਖਰੀਦ ਸਕਦੇ ਹੋ। ਘਰ ਦੀ ਕੁਲ ਮੋਰਗੇਜ ਵਿੱਚ, ਕਾਰਪੋਰੇਸ਼ਨ ਦੀ ਫ਼ੀਸ ਕੁਝ ਪ੍ਰਤੀਸ਼ਤ ਮਾਤਰਾ ਦੀ ਸ਼ਕਲ ਵਿੱਚ, ਮਿਲਾ ਦਿਤੀ ਜਾਂਦੀ ਹੈ।

## ਗਰਮੀ ਤੇ ਬਿਜਲੀ

ਚਾਹੇ ਤੁਸੀਂ ਘਰ ਖਰੀਦੋ ਜਾਂ ਕਰਾਏ ਤੇ ਲਵੋ, ਤੁਹਾਨੂੰ ਕਈ ਪ੍ਰਕਾਰ ਦੀਆਂ ਮੂਲ ਸੇਵਾਵਾਂ ਲਈ ਦਸਤਖਤ ਕਰਨੇ ਪੈਣਗੇ ਜਿਵੇਂ ਘਰ ਗਰਮ ਕਰਨ ਅਤੇ ਬਿਜਲੀ ਦੇ ਖਰਚ। ਕੈਨੇਡਾ ਵਿੱਚ ਕੁਝ ਘਰ ਗੈਸ, ਕੁਝ ਤੇਲ ਨਾਲ ਅਤੇ ਕੁਝ ਹੋਰ ਬਿਜਲੀ ਨਾਲ ਗਰਮ ਕੀਤੇ ਜਾਂਦੇ ਹਨ। ਆਮ ਤੌਰ ਤੇ ਇਕ ਜਾਂ ਦੋ ਵਡੀਆਂ ਕੰਪਨੀਆ ਤੁਹਾਡੇ ਇਲਾਕੇ ਵਿੱਚ

ਹੋਣਗੀਆਂ ਜੋ ਇਹ ਸੇਵਾਵਾਂ ਪ੍ਰਦਾਨ ਕਰਦੀਆ ਹਨ, ਅਤੇ ਇਹ ਤੁਹਾਨੂੰ ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਮਿਲ ਜਾਣਗੀਆਂ - ਇਨ੍ਹਾਂ ਨਾਵਾਂ ਹੇਠ ਲਭਣ ਦਾ ਯਤਨ ਕਰੋ: "Gas", "Heating Companies", "Oils/Fuel", and "Hydro-Electric".

- ਕੀ ਤੁਸੀਂ ਆਪਣੀ ਟੈਲੀਫ਼ੋਨ ਕੰਪਨੀ ਨਾਲ ਸੰਪਰਕ ਪੈਦਾ ਕੀਤਾ ਹੈ?
- ਕੀ ਤੁਹਾਡੇ ਕੋਲ ਆਪਣਾ ਪਤਾ ਅਤੇ ਟੈਲੀਫ਼ੋਨ ਨੰਬਰ ਆਪਣੇ ਨਾਲ ਹੈ?
- ਕੀ ਤੁਸੀਂ ਜਾਣਦੇ ਹੋ ਕਿ ਘਰ ਨੂੰ ਗਰਮ ਕਰਨ ਲਈ ਗਰਮੀ ਅਤੇ ਬਿਜਲੀ ਕਿਵੇਂ ਪ੍ਰਾਪਤ ਕਰਨੀ ਹੈ?

## ਟੈਲੀਫ਼ੋਨ ਲਗਵਾਉਣਾ

ਤੁਸੀਂ ਜਲਦੀ ਹੀ ਟੈਲੀਫ਼ੋਨ ਲਗਵਾਉਣਾ ਚਾਹੋਗੇ ਤਾਂ ਕਿ ਆਪਣੇ ਘਰੋਂ ਆਰਾਮ ਨਾਲ ਲੋਕਾਂ ਅਤੇ ਸੇਵਾਵਾਂ ਤਕ ਪਹੁੰਚ ਸਕੋ ਜਿਨ੍ਹਾਂ ਦੀ ਤੁਹਾਨੂੰ ਜ਼ਰੂਰਤ ਹੈ। ਕੈਨੇਡਾ ਦੇ ਬਹੁਤ ਭਾਗਾਂ ਵਿੱਚ ਬੈਲ ਕੈਨੇਡਾ ਟੈਲੀਫ਼ੋਨ ਸੇਵਾਵਾਂ ਪ੍ਰਦਾਨ ਕਰਦਾ ਹੈ, ਪਰ ਤੁਸੀਂ ਆਪਣੇ ਇਲਾਕੇ ਦੀ ਟੈਲੀਫ਼ੋਨ ਕੰਪਨੀ ਦਾ ਨਾਮ ਟੈਲੀਫ਼ੋਨ ਕਿਤਾਬ ਵਿੱਚ ਦੇਖ ਸਕਦੇ ਹੋ। ਕਿਤਾਬ ਦੇ ਪਹਿਲੇ ਕੁਝ ਸਫ਼ਿਆਂ ਵਿੱਚ ਗਾਹਕ ਸੇਵਾ ਨੰਬਰ (Customer Service number) ਦਿਤਾ ਹੋਵੇਗਾ। ਤੁਹਾਡੇ ਇਲਾਕੇ ਦੀ ਟੈਲੀਫ਼ੋਨ ਕੰਪਨੀ ਦੇ ਫ਼ੋਨਸੈਂਟਰਜ਼ ਆਮ ਤੌਰ ਤੇ ਵਡੀਆਂ ਸ਼ਾਪਿੰਗ ਮਾਲਾਂ ਵਿੱਚ ਹੁੰਦੇ ਹਨ। ਤੁਸੀਂ ਉਨ੍ਹਾਂ ਕੋਲ ਜਾ ਕੇ ਆਪਣਾ ਟੈਲੀਫੋਨ ਲਗਵਾਉਣ ਲਈ ਕਹਿ ਸਕਦੇ ਹੋ।

ਤੁਸੀਂ ਆਪਣੀ ਟੈਲੀਫ਼ੋਨ ਕੰਪਨੀ ਤੋਂ ਟੈਲੀਫ਼ੋਨ ਹਰ ਮਹੀਨੇ ਕਰਾਇਆ ਦੇ ਕੇ ਕਰਾਏ ਤੇ ਲੈ ਸਕਦੇ ਹੋ ਅਤੇ, ਜਾਂ ਖਰੀਦ ਸਕਦੇ ਹੋ। ਸਥਾਨਕ ਕਾਲਾਂ ਦੀ ਕੀਮਤ ਮਹਾਵਾਰੀ ਫ਼ੀਸ ਵਿੱਚ ਸ਼ਾਮਲ ਹੁੰਦੀ ਹੈ ਜਿਸ ਵਿੱਚ ਟੈਲੀਫ਼ੋਨ ਦਾ ਕਰਾਇਆ ਵੀ ਜਮ੍ਹਾ ਹੁੰਦਾ ਹੈ। ਦੂਰ ਅਤੇ ਸਮੁੰਦਰੋ ਪਾਰ ਦੀਆਂ ਕਾਲਾਂ ਬਹੁਤ ਮਹਿੰਗੀਆ ਹੋ ਸਕਦੀਆ ਹਨ, ਇਨ੍ਹਾਂ ਦਾ ਖਰਚ ਮਹਾਵਾਰੀ ਫ਼ੀਸ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਬਹੁਤ ਕੰਪਨੀਆ ਕਈ ਵਿਸ਼ੇਸ਼ ਯੋਜਨਾਵਾਂ ਪ੍ਰਦਾਨ ਕਰਦੀਆਂ ਹਨ ਜਿਸ ਨਾਲ ਦੂਰ ਫ਼ੋਨ ਕਰਨ ਦਾ ਖਰਚ ਘੱਟ ਸਕਦਾ ਹੈ। ਦੂਰ ਫ਼ੋਨ ਕਰਨ ਦੇ ਖਰਚ ਨੂੰ ਘੱਟ ਕਰਨ ਲਈ ਫ਼ੋਨ ਕਾਰਡ ਦੀ ਵਰਤੋਂ ਕਰਨੀ ਲਾਭਦਾਇਕ ਹੈ। ਇਸਦੀ ਵਰਤੋਂ ਤੁਸੀਂ ਕਿਧਰੇ ਵੀ ਫ਼ੋਨ ਕਰਨ ਲਈ, ਕਿਸੇ ਵੀ ਫ਼ੋਨ ਤੋਂ ਜਿਸ ਵਿੱਚ ਜਨਤਕ ਫ਼ੋਨ ਵੀ ਸ਼ਾਮਲ ਹੈ, ਕਰ ਸਕਦੇ ਹੋ।

ਯਾਦ ਰਹੇ: ਕੈਨੇਡਾ ਬਹੁਤ ਵਡਾ ਦੇਸ਼ ਹੈ, ਇਸ ਲਈ ਜਦੋਂ ਤੁਸੀਂ ਇਕ ਹੀ ਪ੍ਰਾਂਤ ਵਿੱਚ ਫ਼ੋਨ ਕਰ ਰਹੇ ਹੋਵੋ ਤਾਂ ਵੀ ਦੂਰ ਫ਼ੋਨ ਕਰਨ ਦਾ ਖਰਚ ਲਾਗੂ ਹੋ ਸਕਦਾ ਹੈ।

## ਘਰ ਦਾ ਸਾਮਾਨ

ਤੁਹਾਨੂੰ ਜ਼ਰੂਰੀ ਫ਼ਰਨੀਚਰ ਅਤੇ ਘਰ ਵਿੱਚ ਵਰਤਣ ਵਾਲੀਆਂ ਮਸ਼ੀਨਾ ਦੀ ਜ਼ਰੂਰਤ ਹੋਵੇਗੀ। ਤੁਸੀਂ ਨਵਾਂ ਸਾਮਾਨ ਖਰੀਦ ਸਕਦੇ ਹੋ ਪਰ ਇਹ ਕਾਫ਼ੀ ਮਹਿੰਗਾ ਪੈ ਸਕਦਾ ਹੈ, ਜਾਂ ਸਟੋਰਾਂ ਦੀਆਂ ਸੇਲਜ਼ ਦੀ ਉਡੀਕ ਕਰੋ ਤੇ ਹੌਲੀ ਹੌਲੀ ਖਰੀਦ ਲਵੋ। ਤੁਸੀਂ ਵਰਤਿਆ ਹੋਇਆ ਫ਼ਰਨੀਚਰ ਤੇ ਮਸ਼ੀਨਾਂ ਵੀ ਖਰੀਦ ਸਕਦੇ ਹੋ, ਬਹੁਤ ਕੈਨੇਡਾ ਵਾਸੀ ਇਸ ਤਰ੍ਹਾਂ ਕਰਦੇ ਹਨ। ਅਖਬਾਰ ਦੇ ਕਲਾਸੀਫ਼ਾਈਡ ਐਡਵਰਟਾਈਜ਼ਿੰਗ ਭਾਗ ਵਿੱਚ ਵੇਚਣ ਵਾਲੀਆਂ ਘਰ ਦੀਆਂ ਚੀਜ਼ਾਂ ਜਾਂ ਫ਼ਰਨੀਚਰ ਦਾ ਵੇਰਵਾ ਦਿਤਾ ਹੁੰਦਾ ਹੈ। ਤੁਸੀਂ ਵਰਤੇ ਹੋਏ ਫ਼ਰਨੀਚਰ ਦੇ ਸਟੋਰ, ਚਰਚ, ਅਤੇ ਸਥਾਨਕ ਫੋਲਾ-ਫਾਲੀ ਜਾਂ ਗਰਾਜ ਸੇਲ (garage sale), ਜਾਂ ਭਾਈਚਾਰਕ ਸੰਸਥਾਵਾਂ ਤੇ ਵੀ ਜਾ ਸਕਦੇ ਹੋ। ਇਨ੍ਹਾਂ ਥਾਵਾਂ ਦੇ ਨਾਮ ਅਤੇ ਪਤੇ ਲੱਭਣ ਵਿੱਚ ਤੁਹਾਡਾ ਸਥਾਨਕ ਭਾਈਚਾਰਾ ਅਤੇ ਆਵਾਸ-ਸੇਵਾ ਸੰਸਥਾ ਸਹਾਇਤਾ ਕਰ ਸਕਦੇ ਹਨ।

## ਵਧੇਰੇ ਜਾਣਕਾਰੀ ਲਈ...

ਜਾਣਕਾਰੀ ਦਾ ਸ਼ਾਇਦ ਸਭ ਤੋਂ ਚੰਗਾ ਸੋਮਾ ਤੁਹਾਡੀ ਸਥਾਨਕ ਆਵਾਸ-ਸੇਵਾ ਸੰਸਥਾ ਹੈ। ਸਭੰਵ ਹੈ ਤੁਸੀਂ ਪ੍ਰਾਂਤਕ ਜਾਂ ਮਿਊਨਸਿਪਲ ਵਿਭਾਗ ਨਾਲ ਜੋ ਘਰਾਂ ਸਬੰਧੀ ਮਾਮਲਿਆ ਦੇ ਜ਼ੁਮੇਵਾਰ ਹਨ, ਨਾਲ ਸਲਾਹ ਮਸ਼ਵਰਾ ਕਰਨਾ ਚਾਹੋ, ਇਨ੍ਹਾਂ ਦੇ ਨੰਬਰ ਤੁਹਾਡੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਦਰਜ ਹਨ। ਮੁਮਕਿਨ ਹੈ ਕਿ ਇਨ੍ਹਾਂ ਦਾ ਕੋਈ

ਕੇਂਦਰੀ ਜਾਣਕਾਰੀ ਨੰਬਰ ਵੀ ਹੋਵੇ। ਕੈਨੇਡਾ ਗਿਰਵੀ ਅਤੇ ਘਰ ਨਿਗਮ (CMHC) ਦਾ ਇਕ ਮੁਫ਼ਤ ਪੈਂਫ਼ਲਟ ਹੈ ਜਿਸਦਾ ਸਿਰਲੇਖ ਹੈ *Homebuying, Step by Step.* ਇਹ ਕੈਨੇਡਾ ਘਰ ਜਾਣਕਾਰੀ ਕੇਂਦਰ ਵੀ ਚਲਾਉਂਦੇ ਹਨ, ਅਤੇ ਸਾਰੇ ਕੈਨੇਡਾ ਵਿੱਚ ਕਰਾਏ ਤੇ ਘਰਾਂ ਅਤੇ ਘਰਾਂ ਦੀ ਬਾਜ਼ਾਰ ਵਿੱਚ ਸਥਿਤੀ ਸਬੰਧੀ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਮੁਫ਼ਤ ਨੰਬਰ ਤੇ ਫ਼ੋਨ ਕਰੋ: 1-800-668-2642 ਜਾਂ ਉਨ੍ਹਾਂ ਦੀ ਵੈਬਸਾਈਟ ਦੇਖੋ: http://www.cmhc.schl.gc.ca

# ਆਪਣੇ ਪੈਸੇ ਦੀ ਸੰਭਾਲ ਕਰਨਾ

## ਬੈਂਕ ਅਤੇ ਹੋਰ ਮਾਇਕ ਸੰਸਥਾਵਾਂ

**ਬ**ਹੁਤ ਕੈਨੇਡਾ ਵਾਸੀ ਆਪਣੇ ਪੈਸੇ ਬੈਂਕ ਵਿੱਚ ਰਖਦੇ ਹਨ। ਬੈਂਕ ਵਿੱਚ ਖਾਤਾ (account) ਖੋਲ੍ਹ ਕੇ ਪੈਸੇ ਰਖੱਣਾ ਇਕ ਸੁਰਖਿਅਤ ਢੰਗ ਹੈ। ਬੈਂਕ ਤੁਹਾਨੂੰ ਕਈ ਸਹੂਲਤਾ ਦੇਂਦੇ ਹਨ ਜਿਵੇਂ ਚੈਕ ਲਿਖਣੇ, ਰੱਖੇ ਪੈਸੇ ਤੇ ਸੂਦ ਕਮਾਉਣਾ, ਕਰਜ਼ੇ ਲਈ ਅਰਜ਼ੀ ਦੇ ਸਕਣਾ, ਅਤੇ ਬਿਲਾਂ ਦੀ ਅਦਾਇਗੀ ਕਰ ਸਕਣ। ਅਜਿਹੀਆਂ ਸੇਵਾਵਾਂ ਕ੍ਰੈਡਿਟ ਯੂਨੀਅਨਜ਼, caisses populaires, ਅਤੇ ਟਰਸਟ ਕੰਪਨੀਆ ਵੀ ਪ੍ਰਦਾਨ ਕਰਦੀਆ ਹਨ।

## ਖਾਤਾ ਖੋਲ੍ਹਣਾ

ਬਹੁਤ ਬੈਂਕਾ ਵਿੱਚ ਕਈ ਤਰ੍ਹਾਂ ਦੇ ਖਾਤੇ ਹੁੰਦੇ ਹਨ, ਤੁਸੀਂ ਉਨ੍ਹਾਂ ਨਾਲ ਗਲ-ਬਾਤ ਕਰਕੇ ਨਿਰਣਾ ਕਰ ਸਕਦੇ ਹੋ ਕਿ ਤੁਹਾਨੂੰ ਕਿਸ ਕਿਸਮ ਦਾ ਖਾਤਾ ਚਾਹੀਦਾ ਹੈ। ਖਾਤਾ ਖੋਲ੍ਹਣ ਲਈ ਤੁਹਾਨੂੰ ਕੁਝ ਵਿਸ਼ੇਸ਼ ਕਿਸਮ ਦੀ ਨਿਜੀ ਜਾਣਕਾਰੀ ਅਤੇ ਕਈ ਤਰ੍ਹਾਂ ਦੇ ਪਹਿਚਾਣ ਦੇ ਸਬੂਤ ਜਿਵੇਂ ਪਾਸਪੋਰਟ ਜਾਂ ਸਮਾਜਕ ਬੀਮਾ ਨੰਬਰ (Social Insurance Number) (SIN) ਦੇਣੇ ਪੈਣਗੇ। ਬੈਂਕ ਨੂੰ ਤੁਹਾਡਾ ਸਮਾਜਕ ਬੀਮਾ ਨੰਬਰ ਇਨਕਮ ਟੈਕਸ ਨਾਲ ਸਬੰਧਤ ਕਾਰਵਾਈ ਕਰਨ ਲਈ ਚਾਹੀਦਾ ਹੈ। ਇਹ ਨਿਯਮ ਹਰ ਕਿਸੇ ਤੇ ਲਾਗੂ ਹੁੰਦਾ ਹ, ਬੈਂਕ ਚਾਹੇ ਕੋਈ ਵੀ ਹੋਵੇ। ਖਾਤਾ ਖੋਲ੍ਹਣ ਤਕ ਜੇ ਤੁਹਾਨੂੰ SIN ਕਾਰਡ ਨਹੀਂ ਮਿਲਿਆ ਤਾਂ ਤੁਸੀਂ ਇਹ ਸਬੂਤ ਦਿਓ ਕਿ ਇਸ ਲਈ ਤੁਸੀਂ ਅਰਜ਼ੀ ਦਿਤੀ ਹੋਈ ਹੈ।

ਯਾਦ ਰਹੇ: ਕੈਨੇਡਾ ਵਿੱਚ ਡਾਕਖਾਨੇ ਬਚੱਤ ਖਾਤੇ ਨਹੀਂ ਰਖਦੇ।

## ਬੈਂਕਿੰਗ ਮਸ਼ੀਨਾ (Banking Machines) ਦੀ ਵਰਤੋਂ

ਆਪਣਾ ਬਹੁਤ ਸਾਰਾ ਬੈਂਕ ਦਾ ਕੰਮ ਕਰਨ ਲਈ ਕਾਫ਼ੀ ਕੈਨੇਡਾ ਵਾਸੀ ਆਪਣੇ ਆਪ ਕੰਮ ਕਰਨ ਵਾਲੀਆਂ ਬੈਂਕ ਮਸ਼ੀਨਾ (Automated Banking Machines) ਦੀ ਵਰਤੋਂ ਕਰਦੇ ਹਨ, ਇਨ੍ਹਾਂ ਮਸ਼ੀਨਾ ਨੂੰ ATMs ਵੀ ਕਹਿੰਦੇ ਹਨ। ਇਹ ਇਕ ਤਰ੍ਹਾਂ ਦਾ ਸ੍ਵੈ-ਸੇਵਕ ਬੈਂਕ ਹੈ ਜੋ ਦਿਨ ਦੇ 24 ਘੰਟੇ ਅਤੇ ਹਫ਼ਤੇ ਦੇ ਸੱਤ ਦਿਨ ਹੀ ਖੁਲ੍ਹਾ ਰਹਿੰਦਾ ਹੈ। ਇਕ ਬੈਂਕ ਕਾਰਡ ਨਾਲ ਤੁਸੀਂ ਇਨ੍ਹਾਂ ਮਸ਼ੀਨਾ ਦੇ ਜ਼ਰੀਏ ਆਪਣੇ ਖਾਤੇ ਵਿਚੋਂ ਪੈਸੇ ਕਡਵਾ ਸਕਦੇ ਹੋ, ਬਿਲਾਂ ਦੀ ਅਦਾਇਗੀ ਕਰ ਸਕਦੇ ਹੋ, ਚੈਕ ਜਮ੍ਹਾਂ ਕਰਵਾ ਸਕਦੇ ਹੋ ਆਦਿ। ਇਸ ਸੇਵਾ ਲਈ ਤੁਹਾਨੂੰ ਥੋੜੀ ਫ਼ੀਸ ਦੇਣੀ ਹੋਵੇਗੀ।

ਆਪਣੇ ਬੈਂਕ ਵਿੱਚ ਜਾ ਕੇ ਤੁਸੀਂ ਇਸ ਕਾਰਡ ਲਈ ਅਰਜ਼ੀ ਦੇ ਸਕਦੇ ਹੋ। ਆਪਣੇ ਖਾਤੇ ਤਕ ਪਹੁੰਚਣ ਲਈ ਤੁਹਾਨੂੰ ਇਕ ਆਪਣਾ ਨਿਜੀ ਪਹਿਚਾਣ ਨੰਬਰ (Personal Identification Number) (PIN) ਚਾਹੀਦਾ ਹੈ। ਆਪਣਾ ਬੈਂਕ ਕਾਰਡ ਕਿਸੇ ਨੂੰ ਨਾ ਦਿਓ, ਅਤੇ ਨਾਹੀਂ ਕਿਸੇ ਨੂੰ ਆਪਣਾ PIN ਦਸੋ। ਜਦੋਂ ਬੈਂਕਿੰਗ ਮਸ਼ੀਨ ਵਿੱਚ ਆਪਣਾ PIN ਭਰ ਰਹੇ ਹੋਵੋ ਉਸ ਵੇਲੇ ਵੀ ਕਿਸੇ ਦੀ ਨਜ਼ਰ ਇਸ ਨੰਬਰ ਤੇ ਨਾ ਪੈਣ ਦਿਓ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਖਾਤਾ (ਅਤੇ ਪੈਸੇ) ਸੁਰਖਿਅਤ ਰਹਿਣਗੇ।

ਕਈ ਸਟੋਰਾਂ ਤੇ ਸਾਮਾਨ ਖਰੀਦਣ ਲਈ ਵੀ ਬੈਂਕ ਕਾਰਡ ਵਰਤੇ ਜਾ ਸਕਦੇ ਹਨ। ਜਦੋਂ ਤੁਸੀਂ ਆਪਣਾ ਕਾਰਡ ਵਰਤਦੇ ਹੋ ਤਾਂ ਪੈਸੇ ਤੁਹਾਡੇ ਖਾਤੇ ਵਿਚੋਂ ਸਿਧੇ ਹੀ ਕੱਡ ਲਏ ਜਾਂਦੇ ਹਨ। ਇਸਨੂੰ ਇੰਟਰੈਕ ਡਾਇਰੈਕਟ ਪੇਮੈਂਟ (Interac Direct Payment) ਕਹਿੰਦੇ ਹਨ।

ਇਹ ਸਾਰੀਆਂ ਸੇਵਾਵਾਂ ਚਾਹੇ ਬਹੁਤ ਲਾਭਵੰਦ ਹਨ ਪਰ ਬੈਂਕ ਦੇ ਲੇਖੇ ਜੋਖੇ ਦਾ ਹਿਸਾਬ-ਕਿਤਾਬ ਰਖਣਾ ਕਾਫ਼ੀ ਗੁੰਝਲਦਾਰ ਸਿਧ ਹੋ ਸਕਦਾ ਹੈ। ਯਾਦ ਨਾਲ ਹਰ ਚੀਜ਼ ਨੂੰ ਲਿਖ ਲਵੋ ਅਤੇ ਬੈਂਕ ਵਿੱਚ ਪਈ ਆਪਣੀ ਅੰਤਮ ਰਕਮ (balance) ਨੂੰ ਧਿਆਨ ਵਿੱਚ ਰਖੋ। ਮਾਇਕ ਸੰਸਥਾ ਵਲੋਂ ਲਈ ਗਈ ਇਸ ਸੇਵਾ ਸਬੰਧੀ ਫ਼ੀਸ ਦਾ ਵੀ ਧਿਆਨ ਰਖੋ।

## ਸਿਧੀ ਜਮ੍ਹਾ

ਡਾਇਰੈਕਟ ਡਿਪਾਜ਼ਿਟ (Direct deposit) ਕੈਨੇਡਾ ਵਿੱਚ ਰਹਿਣ ਵਾਲਿਆਂ ਲਈ ਬਹੁਤ ਹਰਮਨ ਪਿਆਰਾ ਬਣ ਗਿਆ ਹੈ। ਇਸ ਤੋਂ ਭਾਵ ਇਹ ਹੈ ਕਿ ਜੋ ਪੈਸਾ ਤੁਹਾਨੂੰ ਮਿਲਣ ਵਾਲਾ ਹੈ ਜਿਵੇਂ ਤਨਖਾਹ ਦਾ ਚੈਕ ਜਾਂ ਕੋਈ ਹੋਰ ਸਰਕਾਰ ਵਲੋਂ ਰਕਮ ਦੀ ਅਦਾਇਗੀ, ਉਹ ਬਿਜਲੀ ਰਾਹੀਂ ਤੁਹਾਡੇ ਖਾਤੇ ਵਿੱਚ ਜਮ੍ਹਾ ਕਰ ਦਿਤੀ ਜਾਂਦੀ ਹੈ। ਤੁਸੀਂ ਇਸ ਤਰ੍ਹਾਂ ਜਮ੍ਹਾ ਕੀਤੇ ਪੈਸੇ ਨੂੰ ਉਸੇ ਵੇਲੇ ਵਰਤ ਸਕਦੇ ਹੋ, ਤੁਹਾਨੂੰ ਡਾਕ ਵਿੱਚ ਚੈਕ ਉਡੀਕਣ ਦੀ ਜ਼ਰੂਰਤ ਨਹੀਂ ਅਤੇ ਨਾਹੀਂ ਬੈਂਕ ਦੀ ਲੰਮੀ ਲਾਈਨ ਵਿੱਚ ਖੜੇ ਹੋ ਕੇ ਚੈਕ ਜਮ੍ਹਾ ਕਰਵਾਉਣ ਦੀ ਲੋੜ ਹੈ। ਜੇ ਤੁਹਾਨੂੰ ਕਿਸੇ ਬਾਕਾਇਦਾ ਰਕਮ ਦੀ ਅਦਾਇਗੀ ਹੋਣੀ ਹੈ ਤਾਂ ਤੁਸੀਂ ਇਸ ਸੇਵਾ ਲਈ ਬੇਨਤੀ ਕਰ ਸਕਦੇ ਹੋ। ਬਹੁਤ ਸਾਰੇ ਸਰਕਾਰੀ ਵਿਭਾਗ ਅਤੇ ਹੋਰ ਕੰਪਨੀਆ ਇਹ ਸੇਵਾ ਪ੍ਰਦਾਨ ਕਰਦੀਆਂ ਹਨ।

## ਪੈਸੇ ਭੇਜਣਾ

ਜੇ ਤੁਸੀਂ ਕੈਨੇਡਾ ਤੋਂ ਬਾਹਰ ਪੈਸੇ ਭੇਜਣੇ ਹਨ ਤਾਂ ਨਕਦ ਪੈਸੇ ਨਾ ਭੇਜੋ। ਤਸਦੀਕੀ ਚੈਕ (certified cheque) ਜਾਂ ਮਨੀ ਆਰਡਰ ਰਾਹੀਂ ਭੇਜੋ। ਆਪਣੇ ਬੈਂਕ ਤੋਂ ਇਸ ਬਾਰੇ ਜਾਣਕਾਰੀ ਹਾਸਲ ਕਰੋ। ਡਾਕਖਾਨੇ ਤੋਂ ਵੀ ਤੁਸੀਂ ਮਨੀ ਆਰਡਰ ਖਰੀਦ ਸਕਦੇ ਹੋ ਜਾਂ ਪ੍ਰਾਈਵੇਟ ਮਨੀ ਆਰਡਰ/ਟ੍ਰਾਂਸਫ਼ਰ ਸੇਵਾਵਾਂ (ਇਹ ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਦਰਜ ਹਨ) ਜ਼ਰੀਏ ਤਾਰ ਰਾਹੀਂ ਪੈਸੇ ਭੇਜ ਸਕਦੇ ਹੋ।

## ਕਰਜ਼ੇ ਲਈ ਅਰਜ਼ੀ ਦੇਣਾ

ਕਰਜ਼ਾ ਲੈਣ ਤੋਂ ਭਾਵ ਇਹ ਹੈ ਕਿ ਤੁਸੀਂ ਕੁਝ ਖਰੀਦਣ ਲਈ ਹੁਣ ਉਧਾਰ ਲੈ ਲਵੋ ਅਤੇ ਬਾਦ ਵਿੱਚ ਸੂਦ ਸਮੇਤ ਵਾਪਸ ਕਰ ਦਿਓ। ਸੂਦ ਉਹ ਫ਼ੀਸ ਹੈ ਜੋ ਪੈਸਾ ਲੈ ਕੇ ਵਰਤਣ ਤੇ ਲਗਾਈ ਜਾਂਦੀ ਹੈ। ਸੂਦ ਦੀ ਦਰ ਬਹੁਤ ਜ਼ਿਆਦਾ ਹੋ ਸਕਦੀ ਹੈ, ਇਸ ਲਈ ਕਰਜ਼ੇ ਦੀ ਰਕਮ ਨੂੰ ਵਰਤਣ ਵਲ ਵਿਸ਼ੇਸ਼ ਧਿਆਨ ਦਿਓ।

ਇਹ ਕਰਜ਼ ਕਈ ਕਿਸਮਾ ਦਾ ਹੈ – ਕ੍ਰੈਡਿਟ ਕਾਰਡਜ਼, ਲਾਈਨਜ਼ ਆਫ਼ ਕ੍ਰੈਡਿਟ, ਮੋਰਗੇਜਜ਼, ਉਧਾਰ। ਕ੍ਰੈਡਿਟ ਕਾਰਡਜ਼ ਲਈ ਤੁਸੀਂ ਬੈਂਕਾ ਜਾਂ ਟਰਸਟ ਕੰਪਨੀਆਂ ਨੂੰ ਅਰਜ਼ੀ ਦੇ ਸਕਦੇ ਹੋ। ਇਹ ਕਾਰਡਜ਼ ਤੁਹਾਨੂੰ ਉਧਾਰ ਸਾਮਾਨ ਖਰੀਦਣ ਦੀ ਸਹੂਲਤ ਦੇਂਦੇ ਹਨ, ਅਤੇ ਖਰੀਦੇ ਸਾਮਾਨ ਦਾ ਬਿਲ ਤੁਹਾਨੂੰ ਮਹੀਨੇ ਵਿੱਚ ਇਕ ਵਾਰ ਆਉਂਦਾ ਹੈ। ਜੇ

ਤੁਸੀਂ ਲਿਖੀ ਤਰੀਕ ਤਕ ਬਿਲ ਤੇ ਦਸੀ ਪੂਰੀ ਰਕਮ ਦੀ ਅਦਾਇਗੀ ਕਰ ਦਿਓ ਤਾਂ ਤੁਹਾਨੂੰ ਸੂਦ ਨਹੀਂ ਦੇਣਾ ਪਵੇਗਾ।

ਜੇ ਤੁਸੀਂ ਕ੍ਰੈਡਿਟ ਤੇ ਪੈਸੇ ਉਧਾਰ ਲਵੋ, ਤਾਂ ਇਹ ਚੰਗੀ ਤਰ੍ਹਾਂ ਸਮਝ ਲਵੋ ਕਿ ਤੁਸੀਂ ਇਹ ਕਦੋਂ ਵਾਪਸ ਕਰਨੇ ਹਨ ਅਤੇ ਤੁਹਾਨੂੰ ਇਸਦਾ ਕਿਤਨਾ ਖਰਚ ਪਵੇਗਾ। ਜੇ ਤੁਸੀਂ ਕਿਸ਼ਤਾਂ ਤੇ ਪੈਸੇ ਉਧਾਰ ਲੈ ਰਹੇ ਹੋ ਤਾਂ ਇਸ ਵਿੱਚ ਮਹਾਵਾਰੀ ਰਕਮ ਅਦਾਇਗੀ ਦੀ ਦਰ ਸ਼ਾਮਲ ਕੀਤੀ ਜਾਂਦੀ ਹੈ।

ਬਹੁਤ ਵਿਭਾਗੀ (department) ਸਟੋਰ ਅਜਕਲ ਕਈ ਵਿਸ਼ੇਸ਼ ਸੇਲਾਂ ਦੇ ਇਸ਼ਤਿਹਾਰ ਦੇਂਦੇ ਹਨ ਜਿਨ੍ਹਾਂ ਵਿੱਚ ਇਹ ਦਸਿਆ ਹੁੰਦਾ ਹੈ ਕਿ ਤੁਸੀਂ ਖਰੀਦ ਹੁਣ ਕਰ ਲਵੋ ਅਤੇ ਪੈਸੇ ਇਕ ਸਾਲ ਬਾਦ ਜਾਂ ਛੇ ਮਹੀਨਿਆਂ ਬਾਦ ਬਿਨਾ ਸੂਦ ਦੇ ਦਿਓ, ਆਦਿ। ਕਿਧਰੇ ਵੀ ਦਸਖ਼ਤ ਕਰਨ ਤੋਂ ਪਹਿਲਾਂ ਇਸ ਗਲ ਵਲ ਉਚੇਚਾ ਧਿਆਨ ਦਿਓ ਕਿ ਤੁਸੀਂ ਕਿਤਨੇ ਪੈਸੇ ਦੇਣੇ ਹਨ ਅਤੇ ਕਦੋਂ। ਜੇ ਦਿਤੀ ਗਈ ਜਾਣਕਾਰੀ ਵਿਚੋਂ ਤੁਹਾਨੂੰ ਕੁਝ ਸਮਝ ਨਹੀਂ ਆ ਰਿਹਾ ਤਾਂ ਉਸਨੂੰ ਸਾਫ਼ ਸਾਫ਼ ਸਮਝਣ ਲਈ ਆਪਣੇ ਕਿਸੇ ਜਾਣੂ ਵਿਸ਼ਵਾਸਜਨਕ ਵਿਅਕਤੀ ਤੋਂ ਸਹਾਇਤਾ ਲਵੋ।

## ਫ਼ੋਨ ਤੇ ਸਾਮਾਨ ਵੇਚਣਾ (Telemarketing)

ਤੁਹਾਨੂੰ ਅਜਿਹੇ ਲੋਕਾਂ ਦੇ ਫ਼ੋਨ ਆ ਸਕਦੇ ਹਨ ਜੋ ਤੁਹਾਨੂੰ ਕੁਝ ਵੇਚਣਾ ਚਾਹੁੰਦੇ ਹਨ। ਹੋ ਸਕਦਾ ਹੈ ਕਿ ਉਹ ਇਮਾਨਦਾਰ ਹੋਣ, ਪਰ ਇਹ ਵੀ ਸੰਭਵ ਹੈ ਕਿ ਉਹ ਬੇਈਮਾਨ ਹੋਣ। ਆਪਣੇ ਆਪ ਨੂੰ ਬਚਾਉਣ ਦਾ ਸਭ ਤੋਂ ਚੰਗਾ ਢੰਗ ਇਹ ਹੈ ਕਿ ਫ਼ੋਨ ਤੇ ਕਿਸੇ ਨੂੰ ਵੀ ਆਪਣੀ ਨਿਜੀ ਜਾਂ ਮਾਇਕ ਜਾਣਕਾਰੀ ਨਾ ਦਿਓ। ਫ਼ੋਨ ਤੇ ਗਲ ਕਰਨ ਵਾਲਾ/ਵਾਲੀ ਜੇ ਤੁਹਾਨੂੰ ਸਹੀ ਨਹੀਂ ਜਾਪਦਾ/ਜਾਪਦੀ ਤਾਂ ਫ਼ੋਨ ਰੱਖ ਦਿਓ।

## ਵਧੇਰੇ ਜਾਣਕਾਰੀ ਲਈ...

ਤੁਹਾਨੂੰ ਆਪਣੇ ਬੈਂਕ ਤੋਂ ਮਾਇਕ ਸਲਾਹ ਮਸ਼ਵਰੇ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੀ ਜਾਣਕਾਰੀ ਮੁਫ਼ਤ ਮਿਲ ਸਕਦੀ ਹੈ। ਕਨੇਡੀਅਨ ਬੈਂਕ ਪ੍ਰਬੰਧਕਾ ਦੀ ਸੰਸਥਾ (Canadian Bankers Association) ਵੀ ਕਾਫ਼ੀ ਮੁਫ਼ਤ ਛੱਪੀ ਹੋਈ ਜਾਣਕਾਰੀ ਵੰਡਦੀ ਹੈ ਜਿਵੇਂ ਖਾਤਾ ਕਿਵੇਂ ਖੋਲ੍ਹਣਾ ਹੈ, ਆਪਣੇ ਪੈਸੇ ਦਾ ਪ੍ਰਬੰਧ ਤੁਸੀਂ ਕਿਸ ਤਰ੍ਹਾਂ ਕਰ ਸਕਦੇ ਹੋ, ਬੈਂਕ ਮਸ਼ੀਨਾਂ ਦੀ ਵਰਤੋਂ ਅਤੇ ਬਚਿਆਂ ਦੀ ਪੜ੍ਹਾਈ ਲਈ ਬਚੱਤ ਕਰਨ ਦੇ ਢੰਗ। ਇਹ ਜਾਣਕਾਰੀ ਲੈਣ ਲਈ ਤੁਸੀਂ ਉਨ੍ਹਾਂ ਨੂੰ ਮੁਫ਼ਤ ਇਸ ਨੰਬਰ ਤੇ ਫ਼ੋਨ ਕਰ ਸਕਦੇ ਹੋ: 1-800-263-0231 ਜਾਂ ਤੁਸੀਂ ਉਨ੍ਹਾਂ ਦੀ ਵੈਬਸਾਈਟ http://www.cba.ca ਦੇਖ ਸਕਦੇ ਹੋ।

- ਕੀ ਤੁਸੀਂ ਬੈਂਕ ਵਿੱਚ ਖਾਤਾ ਖੋਲ੍ਹਿਆ ਹੈ?

# ਰੋਜ਼ਗਾਰ ਦੀ ਭਾਲ

ਪਹਿਲਾਂ ਪਹਿਲ ਤੁਹਾਨੂੰ ਆਪਣੀਆਂ ਯੋਗਤਾਵਾਂ ਨਾਲ ਮਿਲਦਾ ਜੁਲਦਾ ਕੰਮ ਲਭਣਾ ਮੁਸ਼ਕਲ ਜਾਪੇਗਾ। ਅਜਿਹਾ ਰੋਜ਼ਗਾਰ ਲਭਣਾ ਵੀ ਮੁਸ਼ਕਲ ਹੋ ਸਕਦਾ ਜੋ ਤੁਹਾਨੂੰ ਉਤਨੀ ਤਨਖਾਹ ਦੇ ਸਕੇ ਜਿਤਨੀ ਤੁਸੀਂ ਚਾਹੁੰਦੇ ਹੋ, ਅਤੇ ਉਹ ਵੀ ਸ਼ਾਇਦ ਉਦੋਂ ਤਕ ਨਾ ਮਿਲੇ ਜਦ ਤਕ ਕਿ ਤੁਹਾਨੂੰ ਕੈਨੇਡਾ ਵਿੱਚ ਕੰਮ ਕਰਨ ਦਾ ਤਜਰਬਾ ਨਾ ਹੋ ਜਾਏ। ਹੌਂਸਲਾ ਨਾ ਹਾਰੋ। ਜਦੋਂ ਵੀ ਸਹੀ ਨੌਕਰੀ ਸਾਹਮਣੇ ਆਈ ਤਾਂ ਤੁਹਾਨੂੰ ਆਪਣੇ ਪਿਛਲੇ ਤਜਰਬੇ ਦਾ ਫ਼ਾਇਦਾ ਹੋ ਜਾਵੇਗਾ।

ਜਦੋਂ ਵੀ ਤੁਸੀਂ ਰੋਜ਼ਗਾਰ ਲਈ ਕੈਨੇਡਾ ਵਿੱਚ ਅਰਜ਼ੀ ਦਿਓ, ਤਾਂ ਰੋਜ਼ਗਾਰ ਦੇਣ ਵਾਲਾ ਤੁਹਾਡੇ ਬਾਰੇ ਜਾਨਣਾ ਚਾਹੇਗਾ। ਆਪਣੀ ਪ੍ਰਾਪਤ ਕੀਤੀ ਸਿਖਿਆ ਅਤੇ ਕੰਮ ਦੇ ਤਜਰਬੇ ਦਾ ਵੇਰਵਾ ਜਿਸਨੂੰ ਰੈਜ਼ੂਮੇ (résumé) ਕਹਿੰਦੇ ਹਨ, ਨਾਲ ਲੈ ਕੇ ਜਾਓ। ਆਪਣੇ ਪਹਿਲੇ ਮਾਲਕਾਂ ਦੇ ਲਿਖੇ ਤੁਹਾਡੇ ਕੰਮ ਸਬੰਧੀ ਪਤੱਰ (letters of reference), ਪ੍ਰੋਫ਼ੈਸ਼ਨਲ ਡਿਗਰੀਜ਼, ਅਤੇ ਟ੍ਰੇਡ ਸਰਟੀਫ਼ੀਕੇਟਸ ਵੀ ਨਾਲ ਲੈ ਕੇ ਜਾਓ। ਸੰਭਵ ਹੈ ਤੁਹਾਨੂੰ ਇਨ੍ਹਾਂ ਪਤਰਾਂ ਦੀਆਂ ਅੰਗਰੇਜ਼ੀ ਜਾਂ ਫ਼ਰੈਂਚ ਵਿੱਚ ਕੀਤੇ ਅਨੁਵਾਦ ਦੀਆਂ ਨਕਲਾਂ ਲਿਆਉਣ ਲਈ ਵੀ ਕਿਹਾ ਜਾਏ।

ਯਾਦ ਰਹੇ ਕਿ ਕੁਝ ਧੰਦੇ ਜਾਂ ਕਿੱਤੇ ਮਿਆਰਬੰਦ ਹਨ। ਇਸਦਾ ਭਾਵ ਇਹ ਕਿ ਇਨ੍ਹਾਂ ਵਿੱਚ ਕੰਮ ਕਰਨ ਲਈ ਤੁਹਾਡੇ ਕੋਲ ਲਾਈਸੈਂਸ, ਰਜਿਸਟਰੀ ਜਾਂ ਤਸਦੀਕ ਹੋਣੀ ਜ਼ਰੂਰੀ ਹੈ। ਦੂਸਰੇ ਸ਼ਬਦਾਂ ਵਿੱਚ, ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਉਹਨਾਂ ਨਿਰਧਾਰਤ ਮਿਆਰਾਂ ਨੂੰ ਪੂਰਾ ਕਰੋ ਜੋ ਤੁਹਾਡੇ ਕਿੱਤੇ ਦੀ ਜ਼ੁਮੇਵਾਰ ਸੰਸਥਾ ਵਲੋਂ ਉਸ ਪ੍ਰਾਂਤ ਵਿੱਚ ਨਿਯਤ ਕੀਤੇ ਗਏ ਹਨ ਜਿੱਥੇ ਤੁਸੀਂ ਕੰਮ ਕਰਨਾ ਚਾਹੁੰਦੇ ਹੋ। ਇਹ ਮਿਆਰ ਹਰ ਪ੍ਰਾਂਤ ਵਿੱਚ ਵੱਖ ਵੱਖ ਹਨ। ਇਸ ਲਈ, ਭਾਵੇਂ ਤੁਸੀਂ ਇਹ ਕੰਮ ਕਰਨ ਲਈ ਕਿਸੇ ਹੋਰ ਮੁਲਕ ਵਿੱਚ ਯੋਗ ਹੋਵੋ, ਪਰ ਲਾਈਸੈਂਸ ਲੈ ਕੇ ਪ੍ਰੈਕਟਿਸ ਕਰਨ ਵਾਸਤੇ ਤੁਹਾਡੀਆਂ ਯੋਗਤਾਵਾਂ ਦਾ ਕੈਨੇਡਾ ਦੇ ਮਿਆਰਾਂ ਤੇ ਪੂਰਾ ਉਤਰਣਾ ਜ਼ਰੂਰੀ ਹੈ।

## ਆਵਾਸ-ਸੇਵਾ ਸੰਸਥਾਵਾਂ ਸਹਾਇਤਾ ਕਰ ਸਕਦੀਆਂ ਹਨ

ਜੇ ਤੁਸੀਂ ਆਪਣੇ ਰੋਜ਼ਗਾਰ ਦੇਣ ਵਾਲੇ ਦੀ ਬੋਲੀ ਨਹੀਂ ਬੋਲ ਸਕਦੇ ਤਾਂ ਆਪਣੇ ਕਿਸੇ ਮਿਤੱਰ ਨੂੰ ਉਸਦੀ ਵਿਆਖਿਆ ਕਰਨ ਲਈ ਬੇਨਤੀ ਕਰੋ ਜਾਂ ਆਵਾਸ-ਸੇਵਾ ਸੰਸਥਾਂ ਤੋਂ ਉਲਥਾਕਾਰ ਦੀ ਮੰਗ ਕਰੋ। ਸੰਭਵ ਹੈ ਤੁਸੀਂ ਇਨ੍ਹਾਂ ਸਬੰਧੀ ਵੀ ਪੁਛਣਾ ਚਾਹੋ ਜਿਵੇਂ, ਨੌਕਰੀ ਲਭਣ ਵਾਲੀਆਂ ਕਲਬਾਂ, ਸਿਖਿਆ-ਸਭਾ ਦੇ ਸਮੂਹ (workshops), ਰੈਜ਼ੂਮੇ ਜਾਂ ਪਤੱਰ ਲਿਖਣ ਵਿੱਚ ਸਹਾਇਤਾ ਲੈਣ ਬਾਰੇ। ਇਹ ਸੇਵਾਵਾਂ ਅਕਸਰ ਆਵਾਸ-ਸੇਵਾ ਸੰਸਥਾ ਵਲੋਂ ਜਾਂ ਪ੍ਰਾਂਤ ਵਲੋਂ ਪ੍ਰਦਾਨ ਕੀਤੀਆਂ ਜਾਂਦੀਆ ਹਨ। ਇਸ ਕਿਤਾਬ ਦੇ ਪਿਛਲੇ ਖਾਨੇ ਵਿੱਚ ਪਏ ਪੈਂਫ਼ਲਟ *ਆਪਣੇ ਭਾਈਚਾਰੇ ਵਿੱਚ ਸਹਾਇਤਾ ਲਭਣਾ (Finding Help in Your Community)* ਨੂੰ ਦੇਖੋ।

## ਮਨੁੱਖੀ ਸਾਧਨ ਵਿਕਾਸ ਕੈਨੇਡਾ ਦੇ ਦਫ਼ਤਰ
## HRDC (Human Resources Development Canada offices)

ਤੁਹਾਡੇ ਸਥਾਨਕ ਮਨੁਖੀ ਸਾਧਨ ਵਿਕਾਸ ਕੈਨੇਡਾ (HRDC) ਦੇ ਦਫ਼ਤਰ ਵਿੱਚ ਬਿਲਬੋਰਡਜ਼ ਤੇ ਜਾਂ ਸ੍ਵੈ-ਸੇਵਕ ਕਪਿੰਊਟਰਾ ਤੇ ਕਈ ਨੌਕਰੀਆਂ ਸਬੰਧੀ ਸੂਚਨਾ ਦਿਤੀ ਜਾਂਦੀ ਹੈ। ਕੈਨੇਡਾ ਦੀ ਸਰਕਾਰ ਨੇ HRDC ਦੇ ਦਫ਼ਤਰ ਸਾਰੇ ਕੈਨੇਡਾ ਵਿੱਚ ਖੋਲ੍ਹੇ ਹੋਏ ਹਨ। ਜੋ ਲੋਕ ਨੌਕਰੀਆਂ ਦੀ ਤਲਾਸ਼ ਵਿੱਚ ਹਨ ਉਨ੍ਹਾਂ ਨੂੰ ਇਹ ਜਾਣਕਾਰੀ ਤੇ ਸੇਵਾਵਾਂ ਪ੍ਰਦਾਨ ਕਰਦੇ ਹਨ। ਕੁਝ ਕੁ ਤੁਹਾਨੂੰ ਮੁਫ਼ਤ ਵਰਤਣ ਲਈ ਕਪਿੰਊਟਰ, ਪਰਿੰਟਰ, ਇੰਟਰਨੈਟ, ਟੈਲੀਫ਼ੋਨ, ਫ਼ੈਕਸ, ਅਤੇ ਲਾਇਬ੍ਰੇਰੀ ਦੀ ਸਹੂਲਤ ਵੀ ਦੇਂਦੇ ਹਨ। ਸੰਭਵ ਹੈ ਉਹ ਅਜਿਹੇ ਸਿਖਿਆ ਸੈਸ਼ਨ (workshops) ਦੇਂਦੇ ਹੋਣ ਜਿਨ੍ਹਾਂ ਵਿੱਚ ਤੁਸੀਂ ਰੈਜ਼ੂਮੇ ਤਿਆਰ ਕਰਨਾ, ਨੌਕਰੀ ਦੀ ਭਾਲ ਕਰਨੀ ਆਦਿ ਸਬੰਧੀ ਸਿਖ ਸਕੋ। ਇਸਦੇ ਨਾਲ ਹੀ, ਕੰਪਿਊਟਰ ਸਿਖਿਆ ਅਤੇ ਹੋਰ ਕੋਰਸ ਵੀ ਤੁਸੀਂ ਲੈ ਸਕਦੇ ਹੋ।

HRDC ਜੌਬ ਬੈਂਕ ਚਲਾਉਂਦਾ ਹੈ, ਅਤੇ ਬਿਜਲਈ ਕਿਰਤ ਵਟਾਂਦਰਾ (ਇਲੈਕਟਰੌਨਿਕ ਲੇਬਰ ਐਕਸਚੇਂਜ ELE) ਵੀ, ਇਹ ਇਟੰਰਨੈਟ ਸਾਈਟ ਹੈ ਜੋ ਨੌਕਰੀਆਂ ਲੋਕਾਂ ਨਾਲ ਅਤੇ ਲੋਕ ਨੌਕਰੀਆਂ ਨਾਲ ਮਿਲਾਉਂਦਾ ਹੈ। ਨੌਕਰੀਆਂ ਦੇਣ ਵਾਲੇ ਨੌਕਰੀ ਦਾ ਇਸ਼ਤਿਹਾਰ ਦੇਣ ਲਈ ਐਕਸਚੇਂਜ ਦੀ ਵਰਤੋਂ ਕਰਦੇ ਹਨ ਅਤੇ ਤੁਸੀਂ ਇਸਦੀ ਵਰਤੋਂ ਆਪਣੀਆਂ ਵਿਸ਼ੇਸ਼ਤਾਈਆਂ ਨੂੰ ਹਜ਼ਾਰਾਂ ਨੌਕਰੀ ਦੇਣ ਵਾਲਿਆਂ ਤਕ ਪਹੁੰਚਾਉਣ ਲਈ ਕਰ ਸਕਦੇ ਹੋ। ਇਸ ਸਾਈਟ ਦਾ ਇੰਟਰਨੈਟ ਪਤਾ ਹੈ: http://www.ele-spe.org

HRDC ਦੇ ਕੁਝ ਕੁ ਦਫ਼ਤਰਾਂ ਵਿੱਚ ਇਹ ਇੰਟਰਨੈਟ ਤੁਸੀਂ ਮੁਫ਼ਤ ਵਰਤ ਸਕਦੇ ਹੋ। ਕਈ ਅਜਿਹੀਆਂ ਸਾਈਟਸ ("sites") ਹਨ, ਜਿਵੇਂ ਵਰਕਸਰਚ ("Worksearch") ਜੋ ਲਾਭਵੰਦ ਸਿਧ ਹੋ ਸਕਦੀਆਂ ਹਨ। ਇਹ ਸੌਖੀ ਵਰਤਣ ਵਾਲੀ ਸਾਈਟ ਹੈ ਜੋ ਕੰਮ ਲਭਣ ਵਿੱਚ ਤੁਹਾਡੀ ਹਰ ਪਖੋਂ ਸਹਾਇਤਾ ਕਰ ਸਕਦੀ ਹੈ। ਇਸ ਸਾਈਟ ਦਾ ਇੰਟਰਨੈਟ ਪਤਾ ਹੈ: www.worksearch.gc.ca HRDC ਦੀ ਜਵਾਨਾਂ ਲਈ ਜਾਣਕਾਰੀ ਦੀ ਲਾਈਨ (youth InfoLine) ਹੈ 1-800-935-5555.

ਆਪਣੇ ਨੇੜੇ ਦਾ ਮਨੱਖੀ ਸਾਧਨ ਵਿਕਾਸ ਕੈਨੇਡਾ ਦਾ ਦਫ਼ਤਰ ਤੁਸੀਂ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ Human Resources Deveplopment Canada ਦੇ ਨਾਮ ਹੇਠਾਂ ਲੱਭ ਸਕਦੇ ਹੋ।

## ਅਖਬਾਰ ਅਤੇ ਹੋਰ ਸੋਮਿਆਂ ਦੀ ਵਰਤੋਂ

ਅਖਬਾਰਾਂ ਵਿੱਚ ਬਹੁਤ ਨੌਕਰੀਆਂ ਦਿਤੀਆਂ ਹੁੰਦੀਆ ਹਨ। ਕਲਾਸੀਫ਼ਾਈਡ ਭਾਗ ਵਿੱਚ "ਹੈਲਪ ਵਾਂਟਿਡ" ("Help Wanted") ਅਤੇ "ਕੈਰੀਅਰਜ਼" ("Careers") ਦੇ ਨਾਵਾਂ ਹੇਠ ਦੇਖੋ। ਹਫ਼ਤੇ ਦੇ ਅੰਤ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਅਖਬਾਰ ਵਿੱਚ ਕੈਰੀਅਰ ਦਾ ਵਖਰਾ ਭਾਗ ਵੀ ਹੋ ਸਕਦਾ ਹੈ।

ਲਾਇਬ੍ਰੇਰੀਆਂ ਵੀ ਬਹੁਤ ਲਾਭਵੰਦ ਸਾਬਤ ਹੋ ਸਕਦੀਆਂ ਹਨ। ਨੌਕਰੀ ਕਿਵੇਂ ਲਭਣੀ ਹੈ, ਰੈਜ਼ੂਮੇ ਲਿਖਣ ਦਾ ਢੰਗ ਸਬੰਧੀ ਕਿਤਾਬਾਂ ਤੁਹਾਨੂੰ ਉੱਥੇ ਮਿਲ ਸਕਦੀਆਂ ਹਨ। ਉਹ ਅਕਸਰ ਸਾਰੇ ਕੈਨੇਡਾ ਜਾਂ ਤੁਹਾਡੇ ਇਲਾਕੇ ਦੇ ਬਿਜ਼ਨਿਸਿਜ਼ ਦੀਆਂ ਡਾਇਰੈਕਟਰੀਜ਼ ਵੀ ਰਖਦੇ ਹਨ। ਇਹ ਪ੍ਰਕਾਸ਼ਿਤ ਰਚਨਾਵਾਂ ਤੁਹਾਨੂੰ ਸਭੰਵ ਨੌਕਰੀ ਦੇਣ ਵਾਲਿਆਂ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ। ਇਨ੍ਹਾਂ ਦੇ ਪਿਰਓਡੀਕਲ ("periodical") ਭਾਗ ਵਿੱਚ ਕਈ ਹਫ਼ਤਾਵਾਰੀ ਰਿਸਾਲੇ ਹੋਣਗੇ ਜਿਨ੍ਹਾਂ ਵਿੱਚ ਸਮੁਚੇ ਕੈਨੇਡਾ ਦੀਆਂ ਨੌਕਰੀਆਂ ਸਬੰਧੀ ਨਵੀਂਆਂ ਸੂਚਨਾਵਾਂ

ਪ੍ਰਕਾਸ਼ਿਤ ਕੀਤੀਆਂ ਜਾਂਦੀਆ ਹਨ। ਬਹੁਤ ਸਾਰੀਆਂ ਜਨਤਕ ਲਾਇਬ੍ਰੇਰੀਆਂ ਵਿੱਚ ਵੀ ਤੁਸੀਂ ਇੰਟਰਨੈਟ ਦੀ ਵਰਤੋਂ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ ਲਾਇਬ੍ਰੇਰੀ ਦੇ ਕਿਸੇ ਕਰਮਚਾਰੀ ਨਾਲ ਸੰਪਰਕ ਪੈਦਾ ਕਰੋ।

"ਪੁੱਛ-ਪੜਤਾਲ" ("Networking") ਇਕ ਹੋਰ ਕੈਨੇਡਾ ਵਿੱਚ ਨੌਕਰੀ ਲਭਣ ਦਾ ਹਰਮਨ ਪਿਆਰਾ ਢੰਗ ਹੈ। ਇਸ ਤੋਂ ਭਾਵ ਇਹ ਹੈ ਕਿ ਤੁਸੀਂ ਆਪਣੇ ਸਾਰੇ ਮਿਤਰਾਂ ਅਤੇ ਰਿਸ਼ਤੇਦਾਰਾਂ ਨੂੰ ਦਸੋ ਕਿ ਤੁਸੀਂ ਕੰਮ ਦੀ ਤਲਾਸ਼ ਵਿੱਚ ਹੋ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਉਹ ਨੌਕਰੀ ਮਿਲ ਸਕਦੀ ਹੈ ਜਿਸਦਾ ਇਸ਼ਤਿਹਾਰ ਕਿਧਰੇ ਵੀ ਦਿਤਾ ਨਹੀਂ ਗਿਆ। ਆਵਾਸ-ਸੇਵਾ ਸੰਸਥਾ ਵਲੋਂ ਚਲਾਈਆਂ ਗਈਆਂ ਨੌਕਰੀ-ਲੱਭਣ ਲਈ ਕਲਬਾਂ ਵੀ ਲਾਭਵੰਦ ਸਿਧ ਹੋ ਸਕਦੀਆਂ ਹਨ।

ਕਈ ਨਿਜੀ ਤੌਰ ਤੇ ਕੰਮ ਕਰ ਰਹੀਆਂ ਸੰਸਥਾਵਾਂ ਹਨ ਜੋ ਪੱਕੀ, ਆਰਜ਼ੀ ਜਾਂ ਠੇਕੇ ਤੇ ਨੌਕਰੀ ਲਭ ਕੇ ਦੇਣ ਵਿੱਚ ਸਹਾਇਤਾ ਕਰ ਸਕਣ। ਇਹ ਯਾਦ ਰੱਖਣਾ ਕਿ ਇਨ੍ਹਾਂ ਸੰਸਥਾਵਾਂ ਦੀ ਸੇਵਾ ਲਈ ਨੌਕਰੀਆਂ ਦੇਣ ਵਾਲੇ ਕੁਝ ਫ਼ੀਸ ਦੇਂਦੇ ਹਨ, ਇਸ ਲਈ ਜੇ ਤੁਸੀਂ ਇਨ੍ਹਾਂ ਦੀ ਸਹਾਇਤਾ ਨਾਲ ਨੌਕਰੀ ਲੈਂਦੇ ਹੋ ਤਾਂ ਤੁਹਾਡੀ ਤਨਖਾਹ ਆਪ ਲਭੀ ਨੌਕਰੀ ਨਾਲੋਂ ਥੋੜੀ ਘੱਟ ਹੋ ਸਕਦੀ। ਇਨ੍ਹਾਂ ਸੰਸਥਾਵਾਂ ਦਾ ਵੇਰਵਾ ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਦਿਤਾ ਹੋਇਆ ਹੈ, ਇਨ੍ਹਾਂ ਨੂੰ ਰੋਜ਼ਗਾਰ ਸੰਸਥਾਵਾਂ ("Employment Agencies") ਦੇ ਨਾਮ ਹੇਠ ਦੇਖੋ।

## ਲੇਖ-ਪੱਤਰ ਅਤੇ ਬਿਦੇਸ਼ੀ ਸਨਦਾਂ
## (Documents and foreign credentials)

ਲਾਈਸੈਂਸ ਕਾਰ-ਵਿਹਾਰ ਜਾਂ ਕਿੱਤੇ ਵਿੱਚ ਕੰਮ ਕਰਨ ਲਈ, ਸੰਭਵ ਹੈ ਤੁਹਾਨੂੰ ਕੇਨੈਡਾ ਤੋਂ ਪ੍ਰਾਪਤ ਸਿਖਿਆ (qualifications) ਦੀ ਜ਼ਰੂਰਤ ਹੋਵੇ। ਇਸ ਲਈ ਤੁਹਾਨੂੰ ਲਿਖਤੀ ਇਮਤਿਹਾਨ ਜਾਂ ਕੰਮ ਸਿੱਖਣ ਦੀ ਹੈਸੀਅਤ ਵਿੱਚ ਕੰਮ ਕਰਨਾ ਪੈ ਸਕਦਾ ਹੈ। ਇਹ ਮੰਗਾ ਹਰ ਪ੍ਰਾਂਤ ਅਤੇ ਹਰ ਕਿੱਤੇ ਲਈ ਭਿੰਨ ਭਿੰਨ ਹੋ ਸਕਦੀਆਂ ਹਨ। ਤੁਸੀਂ ਕੌਮੀ ਅਤੇ/ਜਾਂ ਪ੍ਰਾਂਤਕ ਸੰਸਥਾ ਨਾਲ ਸੰਭਵ ਹੈ ਸੰਪਰਕ ਪੈਦਾ ਕਰਨਾ ਚਾਹੋ ਜੋ ਤੁਹਾਡੇ ਕਿੱਤੇ ਜਾਂ ਕਾਰ-ਵਿਹਾਰ ਦੇ ਕੈਨੇਡਾ ਵਿੱਚ ਅਨੁਕੂਲ (accreditation) ਹੋਣ ਸਬੰਧੀ ਦੇਖ-ਭਾਲ ਕਰਦੀ ਹੈ। ਤੁਸੀਂ ਕਨੇਡੀਅਨ ਅੰਤਰਰਾਸ਼ਟਰੀ ਸਨਦ-ਪੱਤਰ ਜਾਣਕਾਰੀ ਕੇਂਦਰ (Canadian Information Centre for International Credentials) ਜਾਂ ਹੋਰ ਅੰਤਰ ਰਾਸ਼ਟਰੀ ਪ੍ਰਮਾਣ-ਪਤੱਰ ਮੁਲਿਅੰਕਣ ਸੇਵਾਵਾਂ ਨਾਲ ਵੀ ਸਬੰਧ ਪੈਦਾ ਕਰ ਸਕਦੇ ਹੋ। ਇਸ ਕਿਤਾਬ ਦੇ ਪਿਛਲੇ ਭਾਗ ਵਿੱਚ ਰੱਖੇ ਗਏ ਪੈਂਫ਼ਲੇਟ *ਮਹਤੱਵ ਪੂਰਨ ਜਾਣਕਾਰੀ ਦੇ ਸੋਮੇ (Key Information Sources)* ਵਿੱਚ ਇਨ੍ਹਾਂ ਬਾਰੇ ਵੇਰਵਾ ਦਿਤਾ ਗਿਆ ਹੈ।

## ਤਨਖਾਹ ਮਿਲਣੀ

ਮਾਲਕਾਂ ਦੀ ਮਰਜ਼ੀ ਹੈ ਕਿ ਉਹ ਆਪਣੇ ਕਰਮਚਾਰੀਆਂ ਨੂੰ ਤਨਖਾਹ ਹਰ ਹਫ਼ਤੇ, ਦੋ ਹਫ਼ਤਿਆਂ ਬਾਦ ਜਾਂ ਮਹੀਨੇ ਵਿੱਚ ਇਕ ਵਾਰੀ ਦੇਣ। ਤੁਹਾਡੀ ਤਨਖਾਹ ਨਕਦ, ਚੈਕ ਜਾਂ ਤੁਹਾਡੇ ਬੈਂਕ ਵਿੱਚ ਸਿਧੀ ਜਮ੍ਹਾ ਵੀ ਹੋ ਸਕਦੀ ਹੈ। ਤੁਹਾਡੀ ਤਨਖਾਹ ਦੇ ਚੈਕ ਨਾਲ ਜੁੜੇ ਹੋਏ ਸੂਚਨਾ ਪਤੱਰ ਵਿੱਚ ਦਸਿਆ ਹੁੰਦਾ ਹੈ ਕਿ ਤੁਹਾਨੂੰ ਕਿਤਨੀ ਤਨਖਾਹ ਮਿਲੀ ਹੈ। ਇਸ ਵਿੱਚ ਵੇਰਵੇ ਸਹਿਤ ਇਹ ਵੀ ਦਸਿਆ ਹੁੰਦਾ ਹੈ ਕਿ ਤੁਹਾਡੀ ਤਨਖਾਹ ਵਿਚੋਂ ਕੇਂਦਰੀ, ਪ੍ਰਾਂਤਕ ਟੈਕਸ, ਪੈਨਸ਼ਨ ਪਲੈਨ, ਰੋਜ਼ਗਾਰ ਬੀਮਾ ਜਾਂ ਹੋਰ ਕੀ ਕੁਝ ਕਟਿਆ ਗਿਆ ਹੈ।

## ਆਪਣੇ ਲਈ ਆਪ ਕੰਮ ਕਰਨਾ

ਬਹੁਤ ਕੈਨੇਡਾ ਵਾਸੀ ਆਪਣੇ ਲਈ ਆਪ  ਕੰਮ ਕਰਦੇ ਹਨ ਅਤੇ ਕਾਰ-ਵਿਹਾਰ ਆਪਣੇ ਘਰੋਂ ਹੀ ਚਲਾਉਂਦੇ ਹਨ। ਤੁਸੀਂ ਵੀ ਸ਼ਾਇਦ ਇਸ ਤੇਜ਼ੀ ਨਾਲ ਵੱਧ ਰਹੇ ਉਦੱਮੀ ਟੋਲੇ ਵਿੱਚ ਸ਼ਾਮਲ ਹੋਣਾ ਚਾਹੋ ਅਤੇ ਕਾਰ-ਵਿਹਾਰ ਆਪਣੇ ਆਪ ਜਾਂ ਕਿਸੇ ਸਾਥੀ ਨਾਲ ਮਿਲਕੇ ਅਰੰਭ ਕਰਨਾ ਪਸੰਦ ਕਰੋ। ਇਸ ਤਰ੍ਹਾਂ ਕੰਮ ਸ਼ੁਰੂ ਕਰਨ ਲਈ ਬਹੁਤ ਸਾਰੀ ਜਾਣਕਾਰੀ ਤੁਹਾਨੂੰ ਮਿਲ ਸਕਦੀ ਹੈ।

ਕਨੇਡੀਅਨ ਬੈਂਕ ਪ੍ਰਬੰਧਕ ਸੰਸਥਾ (Canadian Bankers Association) ਵਲੋਂ ਇਕ ਮੁਫ਼ਤ ਪ੍ਰਕਾਸ਼ਿਤ ਰਚਨਾ *ਛੋਟਾ ਕਾਰ-ਵਿਹਾਰ ਅਰੰਭ ਕਰਨਾ* (*Starting a Small Buiness*) ਮਿਲਦੀ ਹੈ। ਇਸ ਵਿੱਚ ਤੁਹਾਨੂੰ ਕੰਮ ਦੇ ਅਰੰਭ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਮਿਲ ਜਾਏਗੀ। ਤੁਸੀਂ ਇਸਨੂੰ ਇਹ ਮੁਫ਼ਤ ਨੰਬਰ 1-800-263-0231 ਮਿਲਾ ਕੇ ਮੰਗਵਾ ਸਕਦੇ ਹੋ।

ਨਵੇਂ ਆਏ ਉਹ ਲੋਕ ਜੋ ਆਪ ਹੀ ਆਪਣਾ ਕੋਈ ਕੰਮ ਅਰੰਭ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਕੈਨੇਡਾ ਵਪਾਰ ਵਿਕਾਸ ਬੈਂਕ (The Business Development Bank of Canada) ਵਲੋਂ ਵੀ ਇਹ ਕਿਤਾਬ *ਕੈਨੇਡਾ ਵਿੱਚ ਕਾਰ-ਵਿਹਾਰ ਅਰੰਭ ਕਰਨਾ: ਨਵੇਂ ਕੈਨੇਡਾ ਵਾਸੀਆਂ ਲਈ ਰਹਿਨੁਮਾਈ* (*Starting a Business in Canada: A Guide for New Canadians)* ਪ੍ਰਕਾਸ਼ਿਤ ਕੀਤੀ ਗਈ ਹੈ। ਅਜਿਹਾ ਉਦਮ ਕਰਨ ਵਾਲਿਆਂ ਲਈ ਉਹ ਕਾਰ-ਵਿਹਾਰ ਸਬੰਧੀ ਪ੍ਰਬੰਧਕ ਸਿਖਲਾਈ, ਸਲਾਹ-ਮਸ਼ਵਰਾ, ਅਤੇ ਯੋਜਨਾਬੰਦ ਹੋ ਕੇ ਕੰਮ ਅਰੰਭ ਕਰਨ ਬਾਰੇ ਵੀ ਸਿਖਿਆ ਦੇਂਦੇ ਹਨ। ਵਧੇਰੇ ਜਾਣਕਾਰੀ ਲਈ ਉਨ੍ਹਾਂ ਨੂੰ ਇਸ ਮੁਫ਼ਤ ਨੰਬਰ ਤੇ ਫ਼ੋਨ ਕਰੋ: 1-888-463-6232 ਜਾਂ ਉਨ੍ਹਾਂ ਦੀ ਵੈਬ ਸਾਈਟ ਦੇਖੋ: http://www.bdc.ca

ਕੈਨੇਡਾ ਵਪਾਰ ਸੇਵਾ ਕੇਂਦਰ (Canada Business Service Centres)  ਕੈਨੇਡਾ ਵ੍ਰਿੱਚ ਕਾਰ-ਵਿਹਾਰਾਂ ਸਬੰਧੀ ਜਾਣਕਾਰੀ ਲਈ ਇਕ ਕੇਂਦਰੀ ਜਾਣਕਾਰੀ ਸ੍ਰੋਤ ਹੈ, ਵਿਸ਼ੇਸ਼ ਕਰਕੇ ਸਰਕਾਰੀ ਜਾਣਕਾਰੀ ਲਈ। ਇਹ ਤੁਹਾਨੂੰ ਹਰ ਪ੍ਰਾਂਤ ਜਾਂ ਰਾਜ-ਖੇਤਰ ਵਿੱਚ ਮਿਲ ਜਾਣਗੇ। ਇੰਟਰਨੈਟ ਤੇ ਇਨ੍ਹਾਂ ਦੀ ਸੇਵਾ ਪ੍ਰਾਪਤ ਕੀਤੀ ਜਾ ਸਕਦੀ ਹੈ, ਜਾਂ ਕਾਰ-ਵਿਹਾਰ ਸਬੰਧੀ ਜਾਣਕਾਰੀ ਦੇਣ ਵਾਲੇ ਅਧਿਕਾਰੀ ਨਾਲ ਤੁਸੀਂ ਸਿਧੀ ਵੀ ਗਲ ਕਰ ਸਕਦੇ ਹੋ। ਆਪਣੇ ਨੇੜੇ ਦੇ ਕੈਨੇਡਾ ਬਿਜ਼ਨਸ ਸਰਵਿਸ ਸੈਂਟਰ ਦਾ ਪਤਾ ਲਗਾਉਣ ਲਈ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਕੇਂਦਰੀ ਸਰਕਾਰ ਦੇ ਸਿਰਲੇਖ ਹੇਠ ਦੇਖੋ।

ਬੈਂਕ ਅਤੇ ਹੋਰ ਕਰਜ਼ ਦੇਣ ਵਾਲਿਆਂ ਤੋਂ ਛੋਟੇ ਕਾਰ-ਵਿਹਾਰਾਂ ਲਈ ਕਰਜ਼ਾ ਲੈਣ ਵਿੱਚ *ਛੋਟੇ ਕਾਰ-ਵਿਹਾਰਾਂ ਲਈ ਕਰਜ਼ ਐਕਟ (Small Business Loans Act)* ਸਹਾਇਤਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਆਪਣੀ ਟੈਲੀਫ਼ੋਨ ਕਿਤਾਬ ਦੇ ਨੀਲੇ ਸਫ਼ਿਆਂ ਵਿੱਚ ਕੇਂਦਰੀ ਸਰਕਾਰ ਦੇ ਭਾਗ ਵਿੱਚ ਇੰਡਸਟਰੀ ਕੈਨੇਡਾ (Industry Canada) ਨਾਲ ਸੰਪਰਕ ਪੈਦਾ ਕਰੋ।

## ਕਾਰ-ਵਿਹਾਰ ਤੇ ਸਫ਼ਰ

ਕੈਨੇਡਾ ਦੀ ਸਰਕਾਰ ਇਸ ਗਲ ਤੋਂ ਵਾਕਿਫ਼ ਹੈ ਕਿ ਸਫ਼ਰ ਕਰਨਾ ਅਕਸਰ ਵਪਾਰ ਦਾ ਭਾਗ ਹੁੰਦਾ ਹੈ, ਪਰ ਤੁਹਾਡਾ ਕੈਨੇਡਾ ਵਿੱਚ ਪੱਕੀ ਰਹਾਇਸ਼ ਦਾ ਰੁਤਬਾ ਖੁਸ ਸਕਦਾ ਹੈ ਜੇ ਤੁਸੀਂ ਸਾਲ ਵਿੱਚ 183 ਦਿਨਾਂ ਤੋਂ ਵੱਧ ਬਾਹਰ ਰਹੋ। ਵਪਾਰ ਖਾਤਰ ਬਾਹਰ ਜਾਣ ਤੋਂ ਪਹਿਲਾਂ CIC ਕਾਲ ਸੈਂਟਰ ਤੋਂ ਪੁੱਛ-ਪ੍ਰਤੀਤ ਕਰੋ।

ਜੇ ਤੁਸੀਂ ਆਪਣੇ ਉਦੱਮ ਨਾਲ ਆਪਣਾ ਕਾਰ-ਵਿਹਾਰ ਕਰਦੇ ਹੋ ਅਤੇ ਤੁਹਾਡੇ ਕੈਨੇਡਾ ਵਿੱਚ ਦਾਖਲੇ ਨਾਲ ਕੁਝ ਸ਼ਰਤਾਂ ਜੁੜੀਆਂ ਹੋਈਆਂ ਹਨ, ਤਾਂ ਸ਼ਿਹਰੀਅਤ ਅਤੇ ਆਵਾਸ ਕੈਨੇਡਾ (Citizenship and Immigration Canada) ਵਲੋਂ ਤੁਹਾਡੇ ਕਾਰ-ਵਿਹਾਰ ਸਬੰਧੀ ਪੁੱਛ-ਪੜਤਾਲ ਕੀਤੀ ਜਾਏਗੀ, ਇਹ ਜਾਨਣ ਲਈ ਕਿ ਤੁਹਾਡਾ ਕੰਮ ਕਿਸ ਤਰ੍ਹਾਂ ਚਲ ਰਿਹਾ ਹੈ। ਤੁਹਾਡੇ ਕਾਰ-ਵਿਹਾਰ ਵਿੱਚ ਸਹਾਇਤਾ ਕਰਨ ਲਈ ਇਹ ਵਿਭਾਗ ਤੁਹਾਨੂੰ ਸਲਾਹ-ਮਸ਼ਵਰਾ ਵੀ ਦੇਵੇਗਾ। ਜੇ ਦੋ ਸਾਲਾਂ ਦੇ ਬਾਦ ਤੁਸੀਂ ਉਹ ਸ਼ਰਤਾਂ ਪੂਰੀਆਂ ਨਾ ਕਰ ਸਕੇ ਜਿਨ੍ਹਾਂ ਦੇ ਅਧੀਨ ਤੁਹਾਨੂੰ ਕੈਨੇਡਾ ਵਿੱਚ ਦਾਖਲ ਕੀਤਾ ਗਿਆ ਸੀ , ਤਾਂ ਤੁਹਾਨੂੰ ਅਤੇ ਤੁਹਾਡੇ ਤੇ ਨਿਰਭਰ ਜੀਆਂ ਨੂੰ ਕੈਨੇਡਾ ਛੱਡ ਕੇ ਜਾਣ ਲਈ ਕਿਹਾ ਜਾ ਸਕਦਾ ਹੈ। ਯਾਦ ਰਹੇ ਕਿ ਇਹ ਕੇਵਲ ਉਨ੍ਹਾਂ ਤੇ ਹੀ ਲਾਗੂ ਹੁੰਦਾ ਹੈ ਜੋ ਕੈਨੇਡਾ ਵਿੱਚ ਆਪਣੇ ਉਦੱਮ ਤੇ ਕਾਰ-ਵਿਹਾਰ ਕਰਨ ਦੀਆਂ ਕੁਝ ਵਿਸ਼ੇਸ਼ ਸ਼ਰਤਾਂ ਤੇ ਦਾਖਲ ਹੋਏ ਹਨ।

## ਰੋਜ਼ਾਨਾ-ਸੰਭਾਲ

ਜਦੋਂ ਤੁਹਾਨੂੰ ਕੰਮ ਮਿਲ ਜਾਏ ਤਾਂ ਇਹ ਜ਼ਰੂਰ ਯਾਦ ਰੱਖਣਾ ਕਿ ਕੈਨੇਡਾ ਵਿੱਚ ਬਾਰਾਂ ਸਾਲ ਦੀ ਉਮਰ ਤੋਂ ਛੋਟੇ ਬਚਿਆਂ ਨੂੰ ਇਕਲੇ ਘਰ ਛੱਡ ਕੇ ਜਾਣਾ ਕਨੂੰਨ ਦੇ ਵਿਰੁਧ ਹੈ। ਤੁਹਾਨੂੰ ਆਪਣੀ ਗੈਰ ਹਾਜ਼ਰੀ ਵਿੱਚ ਬਚਿਆਂ ਦੀ ਦੇਖ-ਭਾਲ ਕਰਨ ਲਈ ਕਿਸੇ ਨੂੰ ਪੈਸੇ ਦੇਣੇ ਪੈ ਸਕਦੇ ਹਨ। ਇਸ ਸੇਵਾ ਲਈ ਤੁਸੀਂ ਇਨ੍ਹਾਂ ਵਿਚੋਂ ਕੁਝ ਵੀ ਚੁਣ ਸਕਦੇ ਹੋ: ਲਾਈਸੈਂਸ ਸ਼ੁਦਾ ਰੋਜ਼ਾਨਾ-ਸੰਭਾਲ ਦੇ ਕੇਂਦਰ, ਘਰ ਵਿੱਚ ਦੇਖ-ਭਾਲ, ਨਰਸਰੀ ਸਕੂਲ, ਅਤੇ ਜ਼ਰੂਰਤ ਪੈਣ ਤੇ ਰੋਜ਼ਾਨਾ-ਸੰਭਾਲ ਕੇਂਦਰ ("drop-in" day care centres). ਤੁਸੀਂ ਕਿਸੇ ਨੂੰ ਤਨਖਾਹ ਦੇਕੇ ਘਰ ਆ ਕੇ ਬਚਿਆਂ ਦੀ ਦੇਖ-ਭਾਲ ਕਰਨ ਲਈ ਵੀ ਕਹਿ ਸਕਦੇ ਹੋ। ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਤੁਸੀਂ ਡੇ ਨਰਸਰੀਜ਼ ("Day Nurseries") ਜਾਂ ਡੇ ਕੇਅਰ ("Day Care") ਦੇ ਨਾਵਾਂ ਹੇਠ ਇਨ੍ਹਾਂ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਅਖਬਾਰ ਦੇ ਕਲਾਸੀਫ਼ਾਈਡ ਐਡਵਰਟਿਜ਼ਮੈਂਟ ਭਾਗ ਵਿੱਚ ਇਪੰਲਾਇਮੈਂਟ ਵਾਂਟਡ ("Employment Wanted") ਦੇ ਨਾਮ ਹੇਠਾਂ ਆਪਣੇ ਇਲਾਕੇ ਵਿੱਚ ਦੇਖ-ਭਾਲ ਕਰਨ ਵਾਲੇ ਵਿਅਕਤੀ ਸਬੰਧੀ ਪਤਾ ਕਰ ਸਕਦੇ ਹੋ। ਘੱਟ ਆਮਦਨ ਵਾਲੇ ਪਰਵਾਰਾਂ ਲਈ ਸਰਕਾਰੀ ਸਹਾਇਤਾ ਨਾਲ ਚਲ ਰਹੇ ਡੇ-ਕੇਅਰ ਵੀ ਮੌਜੂਦ ਹਨ।

# ਕਿਰਤੀ ਕਨੂੰਨ ਅਤੇ ਮਨੁੱਖੀ ਹੱਕ

ਕਰਮਚਾਰੀਆਂ ਅਤੇ ਮਾਲਕਾਂ ਦੀ ਰਖਿਆ ਲਈ ਕੈਨੇਡਾ ਵਿੱਚ ਪ੍ਰਾਂਤਕ ਅਤੇ ਕੇਂਦਰੀ ਕਿਰਤੀ ਕਨੂੰਨ ਹਨ। ਇਨ੍ਹਾਂ ਕਨੂੰਨਾ ਦੇ ਅਧੀਨ ਘੱਟ ਤੋਂ ਘੱਟ ਤਨਖਾਹ ਦੀ ਦਰ, ਸਿਹਤ ਅਤੇ ਰਖਿਆ ਦੇ ਮਿਆਰ, ਕੰਮ ਦੇ ਘੰਟੇ, ਪ੍ਰਸੂਤ ਦੀ ਛੁੱਟੀ, ਤਨਖਾਹ ਸਮੇਤ ਸਾਲਾਨਾ ਛੁੱਟੀ ਅਤੇ ਬਚਿਆਂ ਦੀ ਸੁਰਖਿਆ ਪ੍ਰਦਾਨ ਕੀਤੀ ਜਾਂਦੀ ਹੈ। ਮਨੁੱਖੀ ਹੱਕਾਂ ਲਈ ਵੀ ਕਨੂੰਨ ਹਨ ਜੋ ਕਰਮਚਾਰੀਆਂ ਨੂੰ ਮਾਲਕਾਂ ਦੀ ਲਿੰਗ, ਉਮਰ, ਜਾਤ, ਧਰਮ ਜਾਂ ਸਰੀਰਕ ਅਯੋਗਤਾ ਦੇ ਅਧਾਰ ਤੇ ਹੋਣ ਵਾਲੀ ਬੇਇਨਸਾਫ਼ੀ ਤੋਂ ਬਚਾਉਂਦੇ ਹਨ।

ਤੁਹਾਨੂੰ ਕੈਨੇਡਾ ਵਿੱਚ ਕਿਰਤੀ-ਸੰਘ  ਵਿੱਚ ਸ਼ਾਮਲ ਹੋਣ ਦਾ ਹੱਕ ਹਾਸਲ ਹੈ। ਇਹ ਸੰਘ ਤਨਖਾਹ, ਕੰਮ ਦੇ ਘੰਟੇ ਅਤੇ ਕੰਮ ਕਰਨ ਵਾਲੀ ਥਾਂ ਅਤੇ ਹਾਲਾਤ ਸਬੰਧੀ ਮਾਲਕਾਂ ਨਾਲ ਗਲ-ਬਾਤ ਕਰਦੇ ਹਨ। ਸੰਗ ਦੀ ਫ਼ੀਸ ਤੁਹਾਡੀ ਤਨਖਾਹ ਵਿਚੋਂ ਕੱਟ ਲਈ ਜਾਏਗੀ।

ਜੇ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੇ ਨਾਲ ਤੁਹਾਡੇ ਮਾਲਕ ਵਲੋਂ ਬੇਇਨਸਾਫ਼ੀ ਹੋ ਰਹੀ ਹੈ, ਤਾਂ ਤੁਸੀ ਜਿਸ ਪ੍ਰਾਂਤ ਵਿੱਚ ਕੰਮ ਕਰਦੇ ਹੋ ਉਥੋਂ ਦੇ ਕਿਰਤੀ ਮੰਤਰਾਲਿਆ ਦੇ ਕਿਸੇ ਅਧਿਕਾਰੀ ਨਾਲ ਸਲਾਹ ਅਤੇ/ਜਾਂ ਸਹਾਇਤਾ ਲਈ ਬੇਨਤੀ ਕੇ ਸਕਦੇ ਹੋ। ਤੁਸੀਂ ਕੈਨੇਡਾ ਦੇ ਮਨੁੱਖੀ ਹੱਕਾਂ ਦੇ ਕਮਿਸ਼ਨ (Canadian Human Rights Commission) ਜਾਂ ਮਨੁੱਖੀ ਸਾਧਨ ਵਿਕਾਸ ਕੈਨੇਡਾ (Human Resources Development Canada) ਦੇ ਦਫ਼ਤਰ ਵਿੱਚ ਵੀ ਕਿਸੇ ਕੇਂਦਰੀ ਸਰਕਾਰ ਦੇ ਕਿਰਤੀ ਮਾਮਲਿਆ ਨਾਲ ਸਬੰਧਤ ਅਧਿਕਾਰੀ ਨਾਲ ਗਲ-ਬਾਤ ਕਰ ਸਕਦੇ ਹੋ।

## ਸ੍ਵੈ-ਸੇਵਾ

ਤੁਸੀਂ ਸ਼ਾਇਦ ਕਿਸੇ ਸੰਸਥਾ ਜਾਂ ਭਾਈਚਾਰੇ ਵਿੱਚ ਆਪਣੇ ਵਲੋਂ ਸੇਵਾ ਕਰਕੇ ਸਹਾਇਤਾ ਕਰਨਾ ਚਾਹੋ। ਇਸ ਤੋਂ ਭਾਵ ਹੈ ਕਿ ਤੁਸੀਂ ਆਪਣਾ ਸਮਾਂ ਆਪਣੀ ਖੁਸ਼ੀ ਨਾਲ ਦੇਣਾ ਚਾਹੁੰਦੇ ਹੋ ਜਿਸ ਲਈ ਤੁਹਾਨੂੰ ਕੋਈ ਇਵਜ਼ਾਨਾ ਨਹੀਂ ਮਿਲੇਗਾ। ਫ਼ਿਰ ਵੀ, ਇਸ ਤਰ੍ਹਾਂ ਕੰਮ ਕਰਨ ਨਾਲ ਤੁਹਾਨੂੰ ਕੈਨੇਡਾ ਵਿੱਚ ਕੰਮ ਕਰਨ ਦਾ ਤਜਰਬਾ ਹੋ ਜਾਏਗਾ, ਕੈਨੇਡਾ ਵਿੱਚ ਕੰਮ ਕਰਨ ਵਾਲੀਆਂ ਥਾਵਾਂ ਸੰਬਧੀ ਗਿਆਨ, ਅੰਗਰੇਜ਼ੀ ਜਾਂ ਫ਼ਰੈਂਚ ਬੋਲਣ ਦਾ ਅਭਿਆਸ ਕਰਨ, ਨਵੇਂ ਮਿੱਤਰ ਬਨਾਉਣ ਅਤੇ ਦੂਜਿਆਂ ਦੀ ਸੇਵਾ ਕਰਨ ਦਾ ਮੌਕਾ ਮਿਲ ਜਾਏਗਾ। ਤੁਹਾਨੂੰ ਆਪਣੀ ਟੈਲੀਫੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਵੌਲੰਟੀਅਰ ਸੈਂਟਰਜ਼ ਦਾ ਵੇਰਵਾ ਮਿਲ ਜਾਏਗਾ, ਜਾਂ ਆਪਣੀ ਸਥਾਨਕ ਭਾਈਚਾਰੇ ਦੀ ਸੰਸਥਾ ਨਾਲ ਸੰਪਰਕ ਪੈਦਾ ਕਰੋ।

ਮਿਹਮਾਨ-ਨਿਵਾਜ਼ੀ ਦਾ ਪ੍ਰੋਗਰਾਮ (Host Program) ਆਪਣੀ ਖੁਸ਼ੀ ਨਾਲ ਸੇਵਾ ਕਰਕੇ ਯੋਗਦਾਨ ਪਾਉਣ ਦੀ ਇਕ ਉਦ੍ਹਾਰਣ ਹੈ। ਕੈਨੇਡਾ ਦੀ ਸਰਕਾਰ ਇਸ ਮਿਹਮਾਨ-ਨਿਵਾਜ਼ੀ ਦੇ ਪ੍ਰੋਗਰਾਮ ਨੂੰ ਖਰਚ ਦੇਂਦੀ ਹੈ ਤਾਂ ਕਿ ਨਵੇਂ ਆਏ ਲੋਕਾਂ ਦੀ ਕੈਨੇਡਾ ਦੀ ਜ਼ਿੰਦਗੀ ਵਿੱਚ ਹਿਲ ਮਿਲ ਜਾਣ ਵਿੱਚ ਸਹਾਇਤਾ ਕਰ ਸਕੇ। ਇਸ ਪ੍ਰੋਗਰਾਮ ਦੇ ਸ੍ਵੈ ਸੇਵਕ ਉਹ ਕੈਨੇਡਾ ਵਾਸੀ ਹਨ ਜੋ ਨਵੇਂ ਆਏ ਲੋਕਾਂ ਨਾਲ ਆਪਣਾ ਸਮਾਂ ਬਿਤਾਉਂਦੇ ਅਤੇ ਉਨ੍ਹਾਂ ਦੀ ਕੈਨੇਡਾ ਦੇ ਜੀਵਨ-ਢੰਗ ਨਾਲ ਸਾਂਝ ਕਰਵਾਉਂਦੇ ਹਨ।

ਮਿਹਮਾਨ-ਨਿਵਾਜ਼ੀ ਦੇ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਥਾਨਕ ਆਵਾਸ-ਸੇਵਾ ਸੰਸਥਾਵਾਂ ਵਿਚੋਂ ਕਿਸੇ ਇਕ ਨਾਲ ਸੰਪਰਕ ਪੈਦਾ ਕਰੋ ਜੋ ਪੈਂਫ਼ਲਟ *ਆਪਣੇ ਭਾਈਚਾਰੇ ਵਿੱਚ ਸਹਾਇਤਾ ਲੱਭਣੀ (Finding help in Your Community)* ਵਿੱਚ ਦਰਜ ਹਨ। ਇਹ ਪੈਂਫ਼ਲਟ ਇਸ ਕਿਤਾਬ ਦੇ ਪਿਛਲੇ ਖਾਨੇ ਵਿੱਚ ਮੌਜੂਦ ਹੈ।

- ਕੀ ਤੁਸੀਂ ਜਾਣਦੇ ਹੋ ਕਿ ***12*** ਸਾਲ ਦੀ ਉਮਰ ਤੋਂ ਘੱਟ ਬਚਿਆਂ ਨੂੰ ਘਰ ਇਕਲਿਆਂ ਛੱਡਣਾ ਗੈਰ-ਕਨੂੰਨੀ ਹੈ?
- ਕੀ ਤੁਸੀਂ ਸਮਾਜਕ ਬੀਮਾ ਨੰਬਰ ਕਾਰਡ ਲਈ ਹਿਊਮਨ ਰਿਜ਼ੋਰਸਿਜ਼ ਡਿਵੈਲਪਮੈਂਟ ਕੈਨੇਡਾ ਦੇ ਦਫ਼ਤਰ ਵਿੱਚ ਅਰਜ਼ੀ ਦਿਤੀ ਹੈ?

# ਅੰਗਰੇਜ਼ੀ ਜਾਂ ਫ਼ਰੈਂਚ ਸਿਖਣੀ

**ਕੈ**ਨੇਡਾ ਵਿੱਚ ਦੋ ਸਰਕਾਰੀ ਬੋਲੀਆਂ ਹਨ – ਅੰਗਰੇਜ਼ੀ ਤੇ ਫ਼ਰੈਂਚ। ਲਗਭਗ ਹਰ ਕੋਈ ਕੈਨੇਡਾ ਵਿੱਚ ਇਨ੍ਹਾਂ ਵਿਚੋਂ ਘਟੋ ਘੱਟ ਇਕ ਬੋਲੀ ਜ਼ਰੂਰ ਬੋਲਦਾ ਹੈ ਅਤੇ ਲੱਖਾਂ ਹੀ ਦੋਵੇਂ ਬੋਲੀਆਂ ਬੋਲਦੇ ਹਨ। ਹਰ ਪ੍ਰਾਂਤ ਅਤੇ ਰਾਜ ਖੇਤਰ ਵਿੱਚ ਅੰਗਰੇਜ਼ੀ ਅਤੇ ਫਰੈਂਚ ਬੋਲਣ ਵਾਲੇ ਭਾਈਚਾਰੇ ਹਨ। ਕੈਨੇਡਾ ਵਿੱਚ ਹਰ ਥਾਂ ਤੇ ਬਹੁ ਗਿਣਤੀ ਅੰਗਰੇਜ਼ੀ ਬੋਲੀ ਬੋਲਦੇ ਹਨ, ਕੁਬੈਕ ਤੋਂ ਬਿਨਾ, ਕਿਉਂਕਿ ਉਥੋਂ ਦੀ ਸਰਕਾਰੀ ਬੋਲੀ ਫ਼ਰੈਂਚ ਹੈ। ਕਈ ਹੋਰ ਪ੍ਰਾਂਤਾ ਦੇ ਭਾਈਚਾਰਿਆਂ ਵਿੱਚ ਫ਼ਰੈਂਚ ਬੋਲੀ ਜਾਂਦੀ ਹੈ, ਵਿਸ਼ੇਸ਼ ਕਰਕੇ ਨਿਊ ਬਰਨਜ਼ਵਿਕ, ਓਂਟੇਰੀਓ ਅਤੇ ਮੈਨੀਟੋਬਾ ਵਿੱਚ।
ਨਿਊ ਬਰਨਜ਼ਵਿਕ ਸਰਕਾਰੀ ਤੌਰ ਤੇ ਦੁਭਾਸ਼ੀ ਪ੍ਰਾਂਤ ਹੈ।

ਆਪਣੇ ਆਪ ਨੂੰ ਕੈਨੇਡਾ ਦੇ ਜੀਵਨ ਦੇ ਅਨੁਕੂਲ ਢਾਲਣ ਲਈ ਅੰਗਰੇਜ਼ੀ ਜਾਂ ਫ਼ਰੈਂਚ ਬੋਲਣਾ ਸਭ ਤੋਂ ਜ਼ਰੂਰੀ ਹੈ। ਜਦੋਂ ਤੁਸੀਂ ਇਕ ਵਾਰ ਦੋਹਾਂ ਵਿਚੋਂ ਇਕ ਬੋਲੀ ਸਿਖ ਲਈ, ਤਾਂ ਤੁਹਾਨੂੰ ਨੌਕਰੀ ਲਭਣੀ, ਕੈਨੇਡਾ ਨੂੰ ਸਮਝਣਾ, ਅਤੇ ਆਪਣੇ ਬਚਿਆਂ ਨਾਲ ਗਲ ਬਾਤ ਕਰਨਾ ਆਸਾਨ ਹੋ ਜਾਏਗਾ ਕਿਉਂਕਿ ਉਹ ਸਕੂਲ ਵਿੱਚ ਅੰਗਰੇਜ਼ੀ ਜਾਂ ਫ਼ਰੈਂਚ ਸਿਖ ਰਹੇ ਹੋਣਗੇ। ਕੈਨੇਡਾ ਦੇ ਨਾਗਰਿਕ ਬਨਣ ਲਈ ਵੀ ਤੁਹਾਨੂੰ ਅੰਗਰੇਜ਼ੀ ਜਾਂ ਫ਼ਰੈਂਚ ਆਉਣੀ ਜ਼ਰੂਰੀ ਹੈ।

ਬੋਲੀ ਸਿਖਣ ਲਈ ਬਹੁਤ ਸਾਰੇ ਕੋਰਸ ਹਨ, ਅਤੇ ਇਨ੍ਹਾਂ ਵਿਚੋਂ ਕਈ ਮੁਫ਼ਤ ਵੀ ਹਨ। ਕਈ ਵਾਰ ਇਨ੍ਹਾਂ ਕੋਰਸਾਂ ਨੂੰ "ESL" ਅੰਗਰੇਜ਼ੀ ਦੂਸਰੀ ਭਾਸ਼ਾ ਜਾਂ "FSL" ਫ਼ਰੈਂਚ ਦੂਸਰੀ ਭਾਸ਼ਾ ਦੇ ਕੋਰਸ ਕਿਹਾ ਜਾਂਦਾ ਹੈ।

## ਕੈਨੇਡਾ ਵਿੱਚ ਨਵੇਂ ਆਇਆਂ ਲਈ ਬੋਲੀ ਦੀ ਸਿਖਲਾਈ (LINC)

ਕੈਨੇਡਾ ਦੀ ਸਰਕਾਰ, ਪ੍ਰਾਂਤਕ ਸਰਕਾਰਾਂ, ਸਕੂਲ ਬੋਰਡ, ਕਮਿਊਨੀਟੀ ਕਾਲਜ ਅਤੇ ਆਵਾਸ-ਸੇਵਾ ਸੰਸਥਾਂਵਾ ਦੇ ਸਹਿਯੋਗ ਨਾਲ ਸੱਮੁਚੇ ਕੈਨੇਡਾ ਵਿੱਚ, ਪੱਕੇ ਹੋ ਚੁਕੇ ਬਾਲਗ ਨਾਗਿਰਕਾਂ ਨੂੰ ਬੋਲੀ ਦੀ ਸਿਖਿਆ ਮੁਫ਼ਤ ਪ੍ਰਦਾਨ ਕਰਦੀ ਹੈ। ਬਹੁਤ ਪ੍ਰਾਂਤਾ ਵਿੱਚ ਇਸ ਪ੍ਰੋਗਰਾਮ ਦਾ ਨਾਮ LINC ਹੈ। (ਫ਼ਰੈਂਚ ਵਿੱਚ ਇਸ ਪ੍ਰੋਗਰਾਮ ਨੂੰ CLIC – Cours de langue pour les immigrants au Canada) ਕਹਿੰਦੇ ਹਨ। LINC ਪ੍ਰੋਗਰਾਮ ਤੁਹਾਡੀ ਮੌਜੂਦਾ ਬੋਲੀ (ਅੰਗ੍ਰੇਜ਼ੀ ਜਾਂ ਫ਼ਰੈਂਚ) ਵਿੱਚ ਪ੍ਰਬੀਣਤਾ ਦੀ ਵੀ ਜਾਂਚ ਕਰਦਾ ਹੈ, ਇਹ ਜਾਨਣ ਲਈ ਕਿ ਤੁਹਾਡੇ ਲਈ ਕਿਹੜਾ ਪ੍ਰੋਗਰਾਮ ਸਭ ਤੋਂ ਠੀਕ ਰਹੇਗਾ।

ਤੁਹਾਡੀਆਂ ਜ਼ਰੂਰਤਾਂ ਨੂੰ ਮੁਖ ਰਖਦੇ ਹੋਏ LINC ਪ੍ਰੋਗਰਾਮ ਪੂਰੇ ਸਮੇਂ ਅਤੇ ਘੱਟ ਸਮੇਂ ਦੋਵੇਂ ਤਰ੍ਹਾਂ ਦੀਆਂ ਕਲਾਸਾਂ ਪ੍ਰਦਾਨ ਕਰਦਾ ਹੈ। ਬਹੁਤ LINC ਸੈਂਟਰ ਤੁਹਾਨੂੰ ਤੁਹਾਡੇ ਇਲਾਕੇ ਵਿੱਚ ਗੈਰ LINC ਕਲਾਸਾਂ ਲਈ ਵੀ ਭੇਜ ਸਕਦੇ ਹਨ। ਜਦੋਂ ਤੁਸੀਂ ਇਨ੍ਹਾਂ ਕਲਾਸਾਂ ਦੀ ਹਾਜ਼ਰੀ ਭਰ ਰਹੇ ਹੋਵੋ ਤਾਂ ਕੁਝ ਕੁ ਇਹ ਸੈਂਟਰ ਬਚਿਆਂ ਦੀ ਮੁਫ਼ਤ ਦੇਖ-ਭਾਲ ਦੀ ਸਹੂਲਤ ਵੀ ਦੇਂਦੇ ਹਨ।

ਯਾਦ ਰਹੇ ਕਿ ਬੋਲੀ ਸਿੱਖਣ ਲਈ ਇਹ ਕਲਾਸਾਂ ਪ੍ਰਵਾਰ ਦੇ ਸਾਰੇ ਬਾਲਗ ਮੈਂਬਰਾ ਵਾਸਤੇ ਹਨ ਨਾ ਕਿ ਸਿਰਫ਼ ਉਨ੍ਹਾਂ ਲਈ ਜੋ ਰੋਜ਼ਗਾਰ ਦੀ ਤਲਾਸ਼ ਵਿੱਚ ਹੋਣ।

## ਵਧੇਰੇ ਜਾਣਕਾਰੀ ਲਈ...

ਇਸ ਕਿਤਾਬ ਦੀ ਪਿਛਲੀ ਜਿਲਦ ਵਿੱਚ ਇਕ ਪੈਂਫ਼ਲਟ ਹੈ *ਬੋਲੀ ਦੀ ਸਿਖਲਾਈ (Language Training)* ਜਿਸ ਵਿੱਚ ਲਿੰਕ ਮੁਲਿਅੰਕਣ ਕੇਂਦਰ (LINC assessment centres) ਦਾ ਵੇਰਵਾ ਦਿਤਾ ਗਿਆ ਹੈ, ਇਹ ਤੁਹਾਨੂੰ ਤੁਹਾਡੇ ਇਲਾਕੇ ਵਿੱਚ LINC ਕਲਾਸਾਂ ਸਬੰਧੀ ਜਾਣਕਾਰੀ ਦੇਵੇਗਾ। ਤੁਸੀਂ ਆਪਣੀ ਸਥਾਨਕ ਆਵਾਸ-ਸੇਵਾ ਸੰਸਥਾ ਨਾਲ ਵੀ ਗਲ ਬਾਤ ਕਰ ਸਕਦੇ ਹੋ। ਸਭੰਵ ਹੈ ਕਿ ਇਹ ਤੁਹਾਨੂੰ LINC ਮੁਲਿਅੰਕਣ ਕੇਂਦਰ ਵਲ ਭੇਜ ਦੇਣ, ਤੇ ਉਹ ਅਗੋਂ ਤੁਹਾਨੂੰ ਉਨ੍ਹਾਂ ਸੰਸਥਾਵਾਂ ਕੋਲ ਜਾਣ ਲਈ ਸਲਾਹ ਦੇਣ ਜੋ LINC ਕਲਾਸਾਂ ਪ੍ਰਦਾਨ ਕਰਦੀਆਂ ਹਨ। ਆਪਣੇ ਭਾਈਚਾਰੇ ਵਿੱਚ ਇਨ੍ਹਾਂ ਕਲਾਸਾਂ ਬਾਰੇ ਜਾਨਣ ਲਈ ਤੁਸੀਂ ਆਪਣੇ ਸਥਾਨਕ ਸਕੂਲ ਬੋਰਡ ਨਾਲ ਸਿਧਾ ਟੈਲੀਫ਼ੋਨ ਤੇ ਗਲ ਵੀ ਕਰ ਸਕਦੇ ਹੋ।

ਬਹੁਤ ਯੂਨੀਵਰਸਟੀਆਂ, ਕਮਿਊਨੀਟੀ ਕਾਲਜ, ਕੁਝ ਨਿਜੀ ਬੋਲੀ ਸਿਖਲਾਈ ਦੇ ਸਕੂਲ ਅਤੇ ਭਾਈਚਾਰਕ ਸੰਸਥਾਵਾਂ ਬੋਲੀ ਦੀ ਸਿਖਲਾਈ ਲਈ ਕਲਾਸਾਂ ਪ੍ਰਦਾਨ ਕਰਦੀਆਂ ਹਨ। ਤੁਸੀਂ ਇਨ੍ਹਾਂ ਸੰਸਥਾਵਾਂ ਨਾਲ ਸਿਧਾ ਸੰਪਰਕ ਕਰਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਯਾਦ ਨਾਲ ਇਨ੍ਹਾਂ ਤੋਂ ਫ਼ੀਸ ਬਾਰੇ ਜ਼ਰੂਰ ਪੁੱਛਣਾ, ਇਨ੍ਹਾਂ ਦੇ ਕੋਰਸ ਸੰਭਵ ਹੈ ਮੁਫ਼ਤ ਨਾ ਹੋਣ।

- ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਇਲਾਕੇ ਵਿੱਚ ***LINC*** ਮੁਲਿਅੰਕਣ ਕੇਂਦਰ ਕਿੱਥੇ ਹੈ?

# ਸਿਖਿਆ

**ਬੱ**ਚੇ ਜੋ 6 ਸਾਲ ਅਤੇ 16 ਸਾਲ ਦੀ ਉਮਰ ਵਿਚਕਾਰ ਹਨ ਉਨ੍ਹਾਂ ਲਈ ਸਕੂਲ ਜਾਣਾ ਬਹੁਤ ਜ਼ਰੂਰੀ ਹੈ। ਬਹੁਤ ਬੱਚੇ ਪਬਲਿਕ ਸਕੂਲਾਂ ਵਿੱਚ ਜਾਂਦੇ ਹਨ। ਜਮਾਤਾਂ ਆਮ ਤੌਰ ਤੇ ਸਤੰਬਰ ਦੇ ਸ਼ੁਰੂ ਵਿੱਚ ਅਰੰਭ ਹੁੰਦੀਆਂ ਹਨ ਅਤੇ ਜੂਨ ਦੇ ਅੰਤ ਵਿੱਚ ਖਤਮ ਹੋ ਜਾਂਦੀਆ ਹਨ। ਕਰਿਸਮਸ ਨੂੰ ਦੋ ਹਫ਼ਤੇ ਅਤੇ ਫ਼ਰਵਰੀ ਜਾਂ ਮਾਰਚ ਵਿੱਚ ਇਕ ਹਫ਼ਤੇ ਦੀਆਂ ਛੁੱਟੀਆਂ ਹੁੰਦੀਆ ਹਨ। ਸੋਮਵਾਰ ਤੋਂ ਲੈ ਕੇ ਸ਼ੁਕਰਵਾਰ ਤਕ ਬੱਚੇ ਲਗਭਗ ਛੇ ਘੰਟੇ ਰੋਜ਼ਾਨਾ ਸਕੂਲ ਵਿੱਚ ਹਾਜ਼ਰ ਹੁੰਦੇ ਹਨ। ਦੁਪਿਹਰ ਦਾ ਖਾਣਾ ਆਮ ਤੌਰ ਤੇ ਬੱਚੇ ਆਪਣੇ ਨਾਲ ਲੈ ਕੇ ਜਾਂਦੇ ਹਨ।

ਇੱਥੇ ਪ੍ਰਾਈਵੇਟ ਸਕੂਲ ਵੀ ਹਨ, ਪਰ ਇਹ ਕਾਫ਼ੀ ਮਹਿੰਗੇ ਹੋ ਸਕਦੇ ਹਨ। ਤੁਹਾਡੇ ਟੈਕਸ ਪਬਲਿਕ ਅਤੇ ਸੈਪੇਰੇਟ (ਕੈਥੋਲਿਕ) ਸਕੂਲਾਂ ਦਾ ਖਰਚ ਦੇਂਦੇ ਹਨ।

## ਸਕੂਲਾਂ ਦੀ ਭਾਲ

ਬਚਿਆਂ ਲਈ ਸਕੂਲ ਲੱਭਣ ਦਾ ਸਭ ਤੋਂ ਚੰਗਾ ਢੰਗ ਆਪਣੇ ਇਲਾਕੇ ਦੇ ਸਕੂਲ ਬੋਰਡਾਂ ਨੂੰ ਫ਼ੋਨ ਕਰਕੇ ਪਤਾ ਕਰਨਾ ਹੈ। ਤੁਹਾਡੀ ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਸਕੂਲਜ਼ ਦੇ ਨਾਮ ਹੇਠ ਇਹ ਦਰਜ ਹਨ। ਸਕੂਲ ਦੀ ਇਹ ਚੋਣ ਆਮ ਤੌਰ ਤੇ ਜਿੱਥੇ ਤੁਸੀਂ ਰਹਿੰਦੇ ਹੋ ਅਤੇ ਕਿਹੜੀ ਸਕੂਲ ਪ੍ਰਣਾਲੀ ਤੁਹਾਨੂੰ ਪੰਸਦ ਹੈ, ਤੇ ਨਿਰਭਰ ਕਰਦੀ ਹੈ।

ਬਹੁਤ ਸਕੂਲ ਇਤਨੇ ਨੇੜੇ ਨਹੀਂ ਹਨ ਕਿ ਚਲ ਕੇ ਜਾਇਆ ਜਾ ਸਕੇ, ਇਸ ਲਈ ਬੱਚੇ ਅਕਸਰ ਸਕੂਲ ਬਸਾਂ ਤੇ ਜਾਂਦੇ ਹਨ (ਇਹ ਸੇਵਾ ਸਕੂਲ ਵਲੋਂ ਤੁਹਾਡੇ ਲਈ ਬਹੁਤ ਘੱਟ ਖਰਚ ਜਾਂ ਬਿਨਾ ਖਰਚ ਤੋਂ ਪ੍ਰਦਾਨ ਕੀਤੀ ਜਾਂਦੀ ਹੈ), ਜਾਂ ਜਨਤਕ ਬਸਾਂ ਦੀ ਵਰਤੋਂ ਕਰਦੇ ਹਨ। ਸਕੂਲ ਜਾਂ ਰਹਿਣ ਲਈ ਘਰ ਚੁਣਣ ਲਗਿਆਂ ਇਨ੍ਹਾਂ ਗਲਾਂ ਨੂੰ ਧਿਆਨ ਵਿੱਚ ਰੱਖੋ।

## ਬਚਿਆਂ ਨੂੰ ਦਾਖਲ ਕਰਵਾਉਣਾ

ਬਚਿਆਂ ਨੂੰ ਦਾਖਲ ਕਰਵਾਉਣ ਲਗਿਆਂ ਉਨ੍ਹਾਂ ਦੇ ਜਨਮ ਸਰਟੀਫ਼ੀਕੇਟ ਜਾਂ ਪਹਿਚਾਣ ਦੇ ਹੋਰ ਕਾਗਜ਼-ਪੱਤਰ ਸਕੂਲ ਨਾਲ ਲੈ ਕੇ ਜਾਓ। ਜੇ ਅਸਲੀ ਕਾਗਜ਼-ਪੱਤਰ ਅੰਗਰੇਜ਼ੀ ਜਾਂ ਫ਼ਰੈਂਚ ਤੋਂ ਬਿਨਾ ਕਿਸੇ ਹੋਰ ਬੋਲੀ ਵਿੱਚ ਹਨ ਤਾਂ ਉਨ੍ਹਾਂ ਦਾ ਅਨੁਵਾਦ ਅੰਗਰੇਜ਼ੀ ਜਾਂ ਫ਼ਰੈਂਚ ਵਿੱਚ ਕਰਵਾ ਲਵੋ। ਇਸ ਦੇ ਨਾਲ ਹੀ, ਬਚਿਆਂ ਦਾ ਰੈਕਰਡ ਆਫ਼ ਲੈਂਡਿੰਗ (IMM 1000), ਪਾਸਪੋਰਟ, ਪਹਿਲੇ ਸਕੂਲ ਅਤੇ ਸਹਿਤ ਸਬੰਧੀ ਕੋਈ ਵੀ ਵੇਰਵਾ ਨਾਲ ਲੈ ਕੇ ਜਾਓ। ਬਚਿਆਂ ਨੂੰ ਰੋਕ-ਥਾਮ ਵਾਲੀਆਂ ਬਿਮਾਰੀਆਂ ਲਈ ਲਗਵਾਏ ਟੀਕਿਆਂ (immunization record) ਬਾਰੇ ਵੀ ਤੁਹਾਨੂੰ ਪੁਛਿਆ ਜਾ ਸਕਦਾ ਹੈ।

## ਬਾਲਗ ਵਿਦਿਆ

ਕੈਨੇਡਾ ਵਿੱਚ ਵਿਦਿਆ ਪ੍ਰਾਪਤ ਕਰਨਾ ਜ਼ਿੰਦਗੀ ਭਰ ਦਾ ਕੰਮ ਹੈ, ਅਤੇ ਬਹੁਤ ਕੈਨੇਡਾ ਵਾਸੀ ਵੱਡੀ ਉਮਰ ਤਕ ਇਹ ਕੰਮ ਜਾਰੀ ਰਖਦੇ ਹਨ। ਬਾਲਗ ਵਿਦਿਆ ਮੁਫ਼ਤ ਨਹੀਂ ਹੈ। ਯੂਨੀਵਰਸਟੀਆਂ ਤੇ ਕਾਲਜਾਂ ਵਲੋਂ ਵਿਦਿਆਰਥੀਆਂ ਨੂੰ ਕਰਜ਼ੇ ਮਿਲ ਜਾਂਦੇ ਹਨ। ਸੰਭਵ ਹੈ ਤੁਸੀਂ ਨਵੀਂ ਨੌਕਰੀ ਲੈਣ ਲਈ ਹੋਰ ਟ੍ਰੇਨਿੰਗ ਲੈਣਾ ਚਾਹੋ, ਜਾਂ ਜੋ ਹੁਨਰ ਤੁਹਾਡੇ ਕੋਲ ਹੈ ਤੁਸੀਂ ਉਸਨੂੰ ਹੋਰ ਸੁਧਾਰਨਾ ਚਾਹੋ। ਤੁਸੀਂ ਕਿਸੇ ਹੋਰ ਕਾਰ-ਵਿਹਾਰ ਨੂੰ ਸਿੱਖਣ ਲਈ ਸ਼ਗਿਰਦ ਬਨਣ ਦੇ ਚਾਹਵਾਨ ਹੋਵੋ। ਹਰ ਪ੍ਰਾਂਤ ਵਿੱਚ ਬਹੁਤ ਸਾਰੇ ਕਾਰ-ਵਿਹਾਰਾਂ ਦੀਆਂ ਯੋਗਤਾਵਾਂ ਭਿੰਨ ਭਿੰਨ ਹਨ, ਇਨ੍ਹਾਂ ਵਿੱਚ ਕੰਮ ਕਰਨ ਤੋਂ ਪਹਿਲਾਂ ਤੁਹਾਡੇ ਕੋਲ ਲਾਈਸੈਂਸ ਹੋਣਾ ਜ਼ਰੂਰੀ ਹੈ। ਯਾਦ ਰਹੇ ਕਿ ਕੈਨੇਡਾ ਦੇ ਕੁਝ ਸਕੂਲ ਤੁਹਾਡੇ ਕੈਨੇਡਾ ਤੋਂ ਬਾਹਰ ਕਿਧਰੇ ਹੋਰ ਪ੍ਰਾਪਤ ਕੀਤੇ ਕੋਰਸ ਜਾਂ ਡਿਪਲੋਮੇ ਨੂੰ ਸਵੀਕਾਰ ਨਹੀਂ ਕਰਨਗੇ।

ਜੇ ਤੁਸੀਂ ਵਿਦਿਆ ਜਾਰੀ ਰੱਖਣ ਸਬੰਧੀ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਆਪਣੇ ਭਾਈਚਾਰੇ ਦੇ ਸਕੂਲ ਬੋਰਡ, ਕਾਲਜ ਜਾਂ ਯੂਨੀਵਰਸਟੀ ਨਾਲ ਸਪੰਰਕ ਕਰੋ। ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਇਸ ਸਬੰਧੀ ਹੋਰ ਜਾਣਕਾਰੀ ਲਈ ਇਨ੍ਹਾਂ ਨਾਵਾਂ ਹੇਠ ਦੇਖੋ: ਸਕੂਲਜ਼ , ਕਾਲਜਿਜ਼ ਅਤੇ ਯੂਨੀਵਰਸਟੀਜ਼ . ਆਵਾਸ-ਸੇਵਾ ਸੰਸਥਾ ਤੋਂ ਵੀ ਤੁਸੀਂ ਆਪਣੇ ਇਲਾਕੇ ਦੀਆਂ ਵਿਦਿਅਕ ਸੰਸਥਾਵਾਂ ਦੀ ਸੂਚੀ ਪ੍ਰਾਪਤ ਕਰ ਸਕਦੇ ਹੋ।

ਯੋਗਤਾਵਾਂ ਸਬੰਧੀ ਵਧੇਰੇ ਜਾਣਕਾਰੀ ਲਈ ਜਿਸ ਪ੍ਰਾਂਤ ਵਿੱਚ ਤੁਸੀਂ ਰਹਿੰਦੇ ਹੋ ਉਥੋਂ ਦੀਆਂ ਕਿੱਤੇ ਅਤੇ ਕਾਰ-ਵਿਹਾਰ ਨਾਲ ਸਬੰਧਤ ਸਮੂਹਾਂ ਨੂੰ ਵੀ ਲੱਭ ਕੇ ਉਨ੍ਹਾਂ ਨਾਲ ਗਲ ਬਾਤ ਕਰੋ।

## ਵਧੇਰੇ ਜਾਣਕਾਰੀ ਲਈ...

ਜਾਣਕਾਰੀ ਦੇ ਹੋਰ ਸੋਮੇ:

- ਵਿਦਿਆ ਦੇ ਪ੍ਰਾਂਤਕ ਵਿਭਾਗ;
- ਸਕੂਲ ਬੋਰਡ;
- ਯੂਨੀਵਰਸਟੀਜ਼ ਤੇ ਕਮਿਊਨੀਟੀ ਕਾਲਜ;
- ਕਿੱਤੇ ਅਤੇ ਕਾਰ-ਵਿਹਾਰ ਦੀਆਂ ਸੰਸਥਾਵਾਂ;
- ਆਵਾਸ-ਸੇਵਾ ਸੰਸਥਾਵਾਂ।

  - ਕੀ ਤੁਹਾਡੇ ਬੱਚੇ ਸਕੂਲ ਵਿੱਚ ਦਾਖ਼ਲ ਹਨ?
  - ਕੀ ਤੁਸੀਂ ਆਪਣੀਆਂ ਵਿਦਿਅਕ ਸਨਦਾਂ ਅੰਗਰੇਜ਼ੀ ਜਾਂ ਫ਼ਰੈਂਚ ਵਿੱਚ ਅਨੁਵਾਦ ਕਰਵਾ ਲਈਆਂ ਹਨ?

# ਮਹਿਸੂਲਬੰਦੀ

ਕੈਨੇਡਾ ਵਾਸੀ ਉਨ੍ਹਾਂ ਪ੍ਰੋਗਰਾਮਾਂ ਤੋਂ ਲਾਭ ਉਠਾ ਸਕਦੇ ਹਨ ਜਿਨ੍ਹਾਂ ਦਾ ਖਰਚ ਉਨ੍ਹਾਂ ਦੇ ਟੈਕਸਾਂ ਅਤੇ ਤਨਖਾਹਾਂ ਦੇ ਕੁਝ ਭਾਗ ਨੂੰ ਲੈ ਕੇ ਚਲਾਇਆ ਜਾਂਦਾ ਹੈ। ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹਨ, ਜ਼ਰੂਰਤਮੰਦ ਲੋਕਾਂ ਲਈ ਸਮਾਜਕ ਸਹਾਇਤਾ; ਜਿਨ੍ਹਾਂ ਦਾ ਰੋਜ਼ਗਾਰ ਖੁਸ ਗਿਆ ਹੈ ਉਨ੍ਹਾਂ ਲਈ ਰੋਜ਼ਗਾਰ ਬੀਮਾ; ਉਨ੍ਹਾਂ ਕਰਮਚਾਰੀਆਂ ਲਈ ਖਰਚ ਜੋ ਨੌਕਰੀ ਤੇ ਕੰਮ ਕਰਦਿਆਂ ਕਿਸੇ ਦੁਰਘਟਨਾ ਕਾਰਨ ਜ਼ਖਮੀ ਹੋ ਗਏ ਹੋਣ; ਅਤੇ ਉਨ੍ਹਾਂ ਨਾਗਰਿਕਾਂ ਲਈ ਬੁਡਾਪੇ ਦੀ ਪੈਨਸ਼ਨ ਜੋ 65 ਸਾਲ ਜਾਂ ਵੱਧ ਉਮਰ ਦੇ ਹਨ।

## ਆਮਦਨ ਕਰ

ਕੈਨੇਡਾ ਵਾਸੀ ਬਹੁਤ ਕਿਸਮਾ ਦੇ ਟੈਕਸ ਦੇਂਦੇ ਹਨ। ਸੜਕਾਂ, ਸਕੂਲ ਅਤੇ ਸਿਹਤ ਦੀ ਦੇਖ ਭਾਲ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰ ਆਮਦਨ ਕਰ ਦੀ ਵਰਤੋਂ ਕਰਦੀ ਹੈ। ਕੈਨੇਡਾ ਵਿੱਚ ਰਹਿਣ ਵਾਲੇ ਸਭ ਵਾਸੀਆਂ ਨੂੰ ਆਮਦਨ ਕਰ ਦੇਣਾ ਪੈਂਦਾ ਹੈ। ਹਰ ਸਾਲ ਸਰਕਾਰ ਨੂੰ ਇਹ ਦਸਣ ਲਈ ਕਿ ਤੁਸੀਂ ਕਿਤਨੇ ਪੈਸੇ ਕਮਾਏ ਹਨ ਅਤੇ ਕਿਤਨਾ ਟੈਕਸ ਭਰਿਆ ਹੈ, ਤੁਹਾਡੇ ਲਈ ਆਮਦਨ ਕਰ ਅਤੇ ਬੈਨੇਫ਼ਿਟ ਰਿਟਰਨ ਦਾ ਵੇਰਵਾ ਦੇਣਾ ਬਹੁਤ ਜ਼ਰੂਰੀ ਹੈ। ਬਹੁਤ ਵਾਰ ਤੁਹਾਡੀ ਤਨਖਾਹ ਵਿਚੋਂ ਟੈਕਸ ਆਪਣੇ ਆਪ ਕੱਟ ਲਏ ਜਾਂਦੇ ਹਨ। ਜੇ ਤੁਸੀਂ ਬਹੁਤ ਜ਼ਿਆਦਾ ਟੈਕਸ ਦੇ ਦਿਤੇ ਹੋਣ ਤਾਂ ਉਹ ਤੁਹਾਨੂੰ ਵਾਪਸ ਕਰ ਦਿਤੇ ਜਾਂਦੇ ਹਨ। ਜੇ ਤੁਸੀਂ ਬਹੁਤ ਘੱਟ ਦਿਤੇ ਹੋਣ ਤਾਂ ਤੁਹਾਨੂੰ ਹੋਰ ਦੇਣੇ ਪੈਣਗੇ।

ਆਮਦਨ ਕਰ ਦਾ ਵੇਰਵਾ ਭਰ ਕੇ ਭੇਜਣਾ ਅਤਿਅੰਤ ਜ਼ਰੂਰੀ ਹੈ। ਬਹੁਤ ਸਾਰੀਆਂ ਸਰਕਾਰੀ ਸੇਵਾਵਾਂ ਦਾ ਲਾਭ ਉਠਾਉਣ ਲਈ ਜਿਵੇਂ ਬਾਲ ਕਰ ਕ੍ਰੈਡਿਟ (Child Tax Credit), ਇਹ ਤੁਹਾਨੂੰ ਹਰ ਸਾਲ ਭਰ ਕੇ ਭੇਜਣੀ ਪਵੇਗੀ। ਕੇਂਦਰੀ ਇਨਕਮ ਟੈਕਸ ਦੇ ਫ਼ਾਰਮ ਤੁਹਾਨੂੰ ਕਿਸੇ ਵੀ ਡਾਕਖਾਨੇ ਜਾਂ ਕੈਨੇਡਾ ਆਯਾਤ ਕਰ ਅਤੇ ਆਮਦਨ ਏਜੰਸੀ (Canada Customs and Revenue Agency) ਦੀਆਂ ਟੈਕਸ ਸੇਵਾਵਾਂ ਦੇ ਦਫ਼ਤਰ ਤੋਂ ਮਿਲ ਸਕਦੇ ਹਨ। ਨਵੇਂ ਆਏ ਲੋਕਾਂ ਲਈ ਕੈਨੇਡਾ ਆਯਾਤ ਕਰ ਅਤੇ ਆਮਦਨ ਏਜੰਸੀ ਦੀਆਂ ਕਈ ਪ੍ਰਕਾਸ਼ਿਤ ਰਚਨਾਵਾਂ ਹਨ ਜੋ ਸਹਾਇਕ ਸਿਧ ਹੋ ਸਕਦੀਆਂ ਹਨ। (1-800 387-1193 ਤੇ ਫ਼ੋਨ ਕਰੋ ਜਾਂ ਇਂਟਰਨੈਟ ਤੇ ਦੇਖੋ http://www.ccra-adrc.gc.ca). ਭਾਈਚਾਰਕ ਸ੍ਵੈ-ਸੇਵਕ ਆਮਦਨ ਕਰ ਪ੍ਰੋਗਰਾਮ (Community Volunteer Income Tax Program) ਦੇ ਅਧੀਨ ਉਨ੍ਹਾਂ ਕੋਲ ਕਈ ਸ੍ਵੈ-ਸੇਵਕ ਹਨ ਜੋ ਤੁਹਾਡਾ ਟੈਕਸ ਫ਼ਾਰਮ ਭਰਨ ਵਿੱਚ ਸਹਾਇਤਾ ਕਰ ਸਕਦੇ ਹਨ। ਇਹ ਸੇਵਾ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ। ਟੈਕਸ ਭਰ ਕੇ ਭੇਜਣ ਦੀ ਹਰ ਸਾਲ ਆਖਰੀ ਤਰੀਕ ਅਪ੍ਰੈਲ 30 ਹੁੰਦੀ ਹੈ। ਯਾਦ ਰਹੇ, ਜੇ ਤੁਸੀਂ ਸਾਲ ਦੇ ਦੌਰਾਨ ਕੁਬੈਕ ਵਿੱਚ ਰਹੇ ਹੋ ਤਾਂ ਤੁਹਾਨੂੰ ਇਕ ਵੱਖਰੀ ਪ੍ਰਾਂਤਕ ਟੈਕਸ ਰਿਟਰਨ ਭਰ ਕੇ ਭੇਜਣੀ ਪਵੇਗੀ।

## ਹੋਰ ਟੈਕਸ

ਜਦੋਂ ਵੀ ਤੁਸੀਂ ਕੁਝ ਖਰੀਦੋਗੇ ਤਾਂ ਉਸ ਕੀਮਤ ਵਿੱਚ ਸਾਮਾਨ ਤੇ ਸੇਵਾ ਟੈਕਸ (Goods and Services Tax) (GST) ਜਮ੍ਹਾ ਕਰ ਦਿਤਾ ਜਾਵੇਗਾ। ਇਸ ਵਿੱਚ ਜੁਰਾਬਾਂ ਤੋਂ ਲੈ ਕੇ ਨਵਾਂ ਘਰ ਖਰੀਦਣ ਤਕ ਸਭ ਕੁਝ ਸ਼ਾਮਲ ਹੈ। ਸਭੰਵ ਹੈ ਤੁਹਾਨੂੰ ਪ੍ਰਾਂਤਕ ਵੇਚ ਟੈਕਸ (Provincial Sales Tax) (PST) ਵੀ ਦੇਣਾ ਪਵੇ ਜੋ ਹਰ ਪ੍ਰਾਂਤ ਵਿੱਚ ਵੱਖ ਵੱਖ ਹੈ। ਜੇ ਤੁਹਾਡੇ ਕੋਲ ਆਪਣਾ ਘਰ ਹੈ ਤਾਂ ਤੁਹਾਨੂੰ ਜਾਇਦਾਦ ਅਤੇ ਸਕੂਲ ਟੈਕਸ ਵੀ ਦੇਣਾ ਪਵੇਗਾ। ਇਨ੍ਹਾਂ ਟੈਕਸਾਂ ਸਬੰਧੀ ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਸਕੂਲ ਬੋਰਡ ਜਾਂ ਮਿਊਨਿਸਿਪਲ ਸਰਕਾਰ ਨਾਲ ਗਲ ਬਾਤ ਕਰੋ।

## ਵਧੇਰੇ ਜਾਣਕਾਰੀ ਲਈ...

ਸਪੰਰਕ ਕਰੋ:

- ਕੈਨੇਡਾ ਆਯਾਤ ਕਰ ਅਤੇ ਆਮਦਨ ਏਜੰਸੀ (Canada Customs and Revenue Agency)
- ਰੈਵਿਨਿਊ ਦਾ ਪ੍ਰਾਂਤਕ ਮੰਤਰਾਲਿਆ, ਜਾਂ
- ਤੁਹਾਡੇ ਸਥਾਨਕ ਸਕੂਲ ਬੋਰਡ, ਇਹ ਸਾਰੇ ਟੈਲੀਫ਼ੋਨ ਕਿਤਾਬ ਵਿੱਚ ਦਰਜ ਹਨ।

# ਕੈਨੇਡਾ ਦਾ ਕਨੂੰਨ

ਕੈਨੇਡਾ ਦੀ ਸਰਕਾਰ ਇਕ ਨਿਯਮ-ਬੱਧ ਕਨੂੰਨ ਪ੍ਰਣਾਲੀ ਦੇ ਅਧੀਨ ਚਲਦੀ ਹੈ। ਇਨ੍ਹਾਂ ਕਨੂੰਨਾ ਦੀ ਸਿਰਜਣਾ ਸਰਕਾਰਾਂ ਕਰਦੀਆਂ ਹਨ ਜਿਨ੍ਹਾਂ ਨੂੰ ਲੋਕ ਪੂਰੀ ਆਜ਼ਾਦੀ ਨਾਲ ਚੁਣਦੇ ਹਨ। ਕੈਨੇਡਾ ਵਿੱਚ ਕਨੂੰਨ ਹਰ ਇਕ ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਪੁਲੀਸ, ਜੱਜ, ਰਾਜਨੀਤਕ, ਅਤੇ ਸਰਕਾਰ ਦੇ ਨੁਮਾਇੰਦੇ ਸ਼ਾਮਲ ਹਨ। ਸਾਡੇ ਕਨੂੰਨਾ ਦਾ ਮੁਖ ਮੰਤਵ ਸਮਾਜ ਵਿੱਚ ਇਕ ਤਰਤੀਬ ਬਣਾਈ ਰਖਣਾ ਹੈ, ਸ਼ਾਂਤਮਈ ਢੰਗ ਨਾਲ ਝਗੜਿਆਂ ਨੂੰ ਸੁਲਝਾਉਣਾ ਹੈ, ਅਤੇ ਕੈਨੇਡਾ ਦੇ ਸਮਾਜ ਦੀਆਂ ਕਦਰਾਂ ਕੀਮਤਾ ਦਾ ਇਜ਼ਹਾਰ ਕਰਨਾ ਹੈ। ਹਰ ਇਨਸਾਨ ਦੀ, ਚਾਹੇ ਉਹ ਨਾਗਰਿਕ ਹੈ ਜਾਂ ਪੱਕਾ ਰਹਾਇਸ਼ੀ, ਕਨੂੰਨ ਪ੍ਰਣਾਲੀ ਤਕ ਪਹੁੰਚ ਇਕ ਸਮਾਨ ਹੈ।

## ਪੁਲੀਸ

ਪੁਲੀਸ ਜਨਤਕ ਸੁਰਖਿਆ ਅਤੇ ਕਨੂੰਨ ਲਾਗੂ ਕਰਨ ਲਈ ਹੈ। ਤੁਸੀਂ ਪੁਲੀਸ ਦੀ ਸਹਾਇਤਾ ਹਰ ਤਰ੍ਹਾਂ ਦੀ ਮੁਸ਼ਕਲ ਵਿੱਚ ਲੈ ਸਕਦੇ ਹੋ – ਜੇ ਕੋਈ ਦੁਰਘਟਨਾ ਹੋ ਜਾਏ, ਤੁਹਾਡੀ ਕੋਈ ਚੀਜ਼ ਕਿਸੇ ਨੇ ਚੁਰਾ ਲਈ ਹੋਵੇ, ਤੁਹਾਨੂੰ ਕੋਈ ਮਾਰ-ਕੁਟ ਰਿਹਾ ਹੋਵੇ, ਜੇ ਤੁਸੀਂ ਕੋਈ ਜੁਰਮ ਹੁੰਦਾ ਦੇਖੋ, ਤੁਹਾਡੀ ਜਾਣ-ਪਛਾਣ ਵਿਚੋਂ ਕੋਈ ਗੁਆਚ ਜਾਏ, ਆਦਿ।

ਕੈਨੇਡਾ ਵਿੱਚ ਪੁਲੀਸ ਵੱਖ ਵੱਖ ਕਿਸਮਾ ਦੀ ਹੈ, ਜਿਸ ਵਿੱਚ ਪ੍ਰਾਂਤਕ ਪੁਲੀਸ ਵਿਭਾਗ ਅਤੇ ਰੋਇਲ ਕਨੇਡੀਅਨ ਮਊਂਟਡ ਪੁਲੀਸ ਹੈ ਜੋ ਕੇਂਦਰੀ ਕਨੂੰਨ ਲਾਗੂ ਕਰਦੀ ਹੈ। ਯਾਦ ਰਹੇ ਕਿ ਪੁਲੀਸ ਤੁਹਾਡੀ ਸਹਾਇਤਾ ਲਈ ਹੈ। ਸੰਕਟ ਸਮੇਂ ਸਥਾਨਕ ਪੁਲੀਸ ਤਕ ਪਹੁੰਚਣ ਲਈ ਓਪ੍ਰੇਟਰ ਦਾ ਨੰਬਰ 911 ਜਾਂ 0 ਮਿਲਾਉਣ ਤੋਂ ਕਦੀ ਨਾ ਹਿਚਕਚਾਓ।

ਜੇ ਕਿਸੇ ਕਾਰਨ ਪੁਲੀਸ ਤੁਹਾਡੇ ਤੋਂ ਸੁਆਲ ਪੁੱਛੇ ਜਾਂ ਗਰਿਫ਼ਤਾਰ ਕਰ ਲਏ ਤਾਂ ਕੋਈ ਰੁਕਾਵਟ ਨਾ ਬਣੋ। ਯਾਦ ਰਹੇ ਕਿ ਕੈਨੇਡਾ ਵਿੱਚ ਤੁਸੀਂ ਓਦੋਂ ਤਕ ਬੇਕਸੂਰ ਮੰਨੇ ਜਾਂਦੇ ਹੋ ਜਦ ਤਕ ਕਿ ਤੁਹਾਡਾ ਕਸੂਰ ਸਾਬਤ ਨਾ ਹੋ ਜਾਏ। ਪੁਲੀਸ ਅਫ਼ਸਰ ਵਲ ਸਿਧਾ ਦੇਖਦੇ ਹੋਏ, ਜਿਥੋਂ ਤਕ ਹੋ ਸਕੇ ਸਪਸ਼ਟ ਸ਼ਬਦਾਂ ਵਿੱਚ ਗਲ ਬਾਤ ਕਰੋ। ਆਪਣੀ ਪਹਿਚਾਨ ਦਾ ਕੋਈ ਵੀ ਸਬੂਤ ਦਿਖਾਉਣ ਲਈ ਹਮੇਸ਼ਾਂ ਤਿਆਰ ਰਹੋ। ਜੇ ਤੁਹਾਨੂੰ ਪੁਲੀਸ ਦੀ ਹਿਰਾਸਤ ਵਿੱਚ ਲੈ ਲਿਆ ਜਾਏ ਤਾਂ ਤੁਹਾਨੂੰ ਇਸਦੀ ਵਜ੍ਹਾ ਜਾਨਣ, ਵਕੀਲ ਅਤੇ ਜੇ ਜ਼ਰੂਰਤ ਹੋਵੇ ਤਾਂ ਅਨੁਵਾਦਕ ਕਰਨ ਦਾ ਹੱਕ ਹੈ। ਕੈਨੇਡਾ ਦੇ ਕਨੂੰਨ ਅਧੀਨ ਪੁਲੀਸ ਨੂੰ ਵਿਸ਼ੇਸ਼ ਰਿਆਇਤ ਕਰਨ ਲਈ ਪੈਸੇ, ਤੋਹਫ਼ੇ ਜਾਂ ਸੇਵਾਵਾਂ ਦੀ ਸ਼ਕਲ ਵਿੱਚ ਰਿਸ਼ਵਤ ਦੇਣ ਦਾ ਯਤਨ ਕਰਨਾ ਗੰਭੀਰ ਜੁਰਮ ਹੈ।

## ਕਨੂੰਨੀ ਸੇਵਾਵਾਂ

ਜੇ ਤੁਹਾਨੂੰ ਕਚਿਹਰੀ ਵਿੱਚ ਆਪਣੀ ਸੁਰਖਿਆ ਲਈ ਵਕੀਲ ਦੀ ਜ਼ਰੂਰਤ ਹੈ ਤਾਂ ਤੁਸੀਂ ਫ਼ੀਸ ਦੇਕੇ ਵਕੀਲ ਕਰ ਸਕਦੇ ਹੋ। ਆਮਦਨ ਦੇ ਲਿਹਾਜ਼ ਨਾਲ ਸੰਭਵ ਹੈ, ਤੁਸੀਂ ਕਨੂੰਨੀ ਸੇਵਾਵਾਂ, ਜਾਂ "ਲੀਗਲ ਏਡ" ਦੀ ਸਹਾਇਤਾ ਮੁਫ਼ਤ ਲੈਣ ਦੇ ਯੋਗ ਹੋਵੋ। ਪ੍ਰਾਂਤਕ ਲੀਗਲ ਏਡ ਦੇ ਨੰਬਰ ਤੁਹਾਨੂੰ ਇਸ ਕਿਤਾਬ ਦੀ ਪਿਛਲੀ ਜਿਲਦ ਵਿੱਚ ਰਖੇ ਗਏ ਪੈਫ਼ਲਟ *ਜਾਣਕਾਰੀ ਦੇ ਮੂਲ ਸੋਮੇ (Key Information Sources)* ਵਿੱਚ ਮਿਲ ਜਾਣਗੇ। ਆਵਾਸ-ਸੇਵਾ ਸੰਸਥਾ ਤੋਂ ਵੀ ਤੁਹਾਨੂੰ ਇਹ ਪਤਾ ਲਗ ਸਕਦਾ ਹੈ ਕਿ ਇਹ ਸੇਵਾਵਾਂ ਤੁਹਾਨੂੰ ਕਿਥੋਂ ਅਤੇ ਕਿਵੇਂ ਮਿਲ ਸਕਦੀਆਂ ਹਨ।

## ਬਚਿਆਂ ਦੇ ਹੱਕ

ਕੈਨੇਡਾ ਵਿੱਚ ਮਾਪਿਆਂ ਦਾ ਇਹ ਕਨੂੰਨੀ ਫ਼ਰਜ਼ ਹੈ ਕਿ ਉਹ ਆਪਣੇ ਬਚਿਆਂ ਦੀ 16 ਸਾਲ ਦੀ ਉਮਰ ਤਕ ਉਨ੍ਹਾਂ ਦੀ ਦੇਖ-ਭਾਲ ਨਾਲ ਸਬੰਧਤ ਜ਼ਰੂਰਤਾਂ ਪੂਰੀਆਂ ਕਰਨ। ਆਪਣੇ ਬਚਿਆਂ ਨਾਲ ਸਰੀਰਕ, ਮਨੋਵਿਗਿਆਨਕ ਜਾਂ ਲਿੰਗੀ ਦੁਰ-ਵਿਵਹਾਰ ਕਰਨਾ ਕੈਨੇਡਾ ਵਿੱਚ ਗੈਰ ਕਨੂੰਨੀ ਹੈ। ਬਚਿਆਂ ਨਾਲ ਕੀਤਾ ਗਿਆ ਸਭ ਤਰ੍ਹਾਂ ਦੁਰ-ਵਿਵਹਾਰ ਗੰਭੀਰ ਜੁਰਮ ਹੈ। ਇਸ ਦੁਰ-ਵਿਵਹਾਰ ਵਿੱਚ ਸ਼ਾਮਲ ਹੈ, ਬਚਿਆਂ ਨੂੰ ਇਤਨਾ ਮਾਰਨਾ ਕਿ ਨੀਲ ਪੈ ਜਾਣ, ਡਰਾਉਣਾ ਧਮਕਾਉਣਾ ਤੇ ਅਪਮਾਨ ਕਰਨਾ, ਕਿਸੇ ਤਰ੍ਹਾਂ ਦਾ ਲਿੰਗੀ ਸਬੰਧ, ਅਤੇ ਉਨ੍ਹਾਂ ਵਲੋਂ ਅਣਗਿਹਲੀ ਕਰਨਾ। ਪੁਲੀਸ, ਡਾਕਟਰ, ਉਸਤਾਦ, ਅਤੇ ਬਚਿਆਂ ਦੇ ਸਹਾਇਕ (ਏਡ) ਨੂੰ ਜੇ ਇਹ ਲਗੇ ਕਿ ਬਚਿਆਂ ਨਾਲ ਬੁਰਾ ਸਲੂਕ ਹੋ ਰਿਹਾ ਹੈ ਤਾਂ ਉਹ ਆਪਣੀ ਕਾਰਵਾਈ ਕਰਨਗੇ। ਗੰਭੀਰ ਸਥਤਿੀਆਂ ਵਿੱਚ ਬੱਚੇ ਮਾਪਿਆਂ ਤੋਂ ਲੈ ਲਏ ਜਾਂਦੇ ਹਨ। ਕੁਝ ਸਭਿਆਚਾਰਕ ਰਵਾਇਤਾਂ ਕੈਨੇਡਾ ਵਿੱਚ ਸਵੀਕਾਰ ਨਹੀਂ ਕੀਤੀਆਂ ਜਾਂਦੀਆ। ਉਦ੍ਹਰਣ ਵਜੋਂ, ਇਸਤ੍ਰੀ ਜਨਣ-ਇੰਦ੍ਰੀ ਨੂੰ ਭੰਗ (FGM) ਕਰਨਾ ਕੈਨੇਡਾ ਦੇ ਕਨੂੰਨ ਅਧੀਨ ਵਿਵਰਜਤ ਹੈ।

## ਇਸਤ੍ਰੀਆਂ ਦੇ ਹੱਕ

ਕੈਨੇਡਾ ਵਿੱਚ ਇਸਤ੍ਰੀਆਂ ਤੇ ਮਰਦ ਇਕ ਸਮਾਨ ਹਨ। ਉਨ੍ਹਾਂ ਦੇ ਹੱਕ ਉਹੀ ਹਨ ਜੋ *ਕਨੇਡੀਅਨ ਮਨੁੱਖੀ ਹੱਕਾਂ ਅਤੇ ਆਜ਼ਾਦੀਆਂ ਦਾ ਚਾਰਟਰ (Canadian Charter of Rights and Freedoms)* ਵਿੱਚ ਬਿਆਨ ਕੀਤੇ ਗਏ ਹਨ। ਇਸਤ੍ਰੀਆਂ ਨਾਲ ਵਿਤਕਰਾ ਤੇ ਉਨ੍ਹਾਂ ਨਾਲ ਹਿੰਸਕ ਵਿਵਹਾਰ ਕਰਨਾ ਕਨੂੰਨ ਦੇ ਵਿਰੁਧ ਹੈ। ਉਹ ਇਸਤ੍ਰੀਆਂ ਜਿਨ੍ਹਾਂ ਨਾਲ ਉਨ੍ਹਾਂ ਦੇ ਪਤੀ ਬੁਰਾ ਵਿਹਾਰ ਕਰਦੇ ਹਨ, ਉਹ ਭਾਈਚਾਰਕ ਪਨਾਹ ਕੇਂਦਰਾ ਵਿੱਚ ਆਪਣੇ ਅਤੇ ਆਪਣੇ ਬਚਿਆਂ ਲਈ ਸੁਰਖਿਆ ਵਾਸਤੇ ਸਹਾਇਤਾ ਲੈ ਸਕਦੀਆਂ ਹਨ। ਉਹ ਆਪਣੀ ਹਿਫ਼ਾਜ਼ਤ ਲਈ ਕਨੂੰਨੀ ਸੁਰਖਿਆ ਦੀ ਮੰਗ ਕਰਨ ਦੇ ਯੋਗ ਹਨ।

ਕੈਨੇਡਾ ਵਿੱਚ ਕਈ ਅਜਿਹੀਆਂ ਸੰਸਥਾਵਾਂ ਹਨ ਜੋ ਇਸਤ੍ਰੀਆਂ ਦੇ ਹੱਕਾਂ ਦੀ ਹਿਫ਼ਾਜ਼ਤ ਲਈ ਕੰਮ ਕਰਦੀਆਂ ਹਨ, ਅਤੇ ਇਨ੍ਹਾਂ ਵਿਚੋਂ ਕੁਝ ਕੁ ਸੰਸਥਾਵਾਂ ਵਿਸ਼ੇਸ਼ ਕਰਕੇ ਆਵਾਸੀ ਇਸਤ੍ਰੀਆਂ ਦੀ ਸਹਾਇਤਾ ਕਰਨ ਦਾ ਯਤਨ ਕਰਦੀਆਂ ਹਨ। ਤੁਹਾਡੀ ਸਥਾਨਕ ਆਵਾਸੀ–ਸੇਵਕ ਸੰਸਥਾ ਤੁਹਾਨੂੰ ਇਨ੍ਹਾਂ ਸੰਸਥਾਵਾਂ ਦੇ ਨਾਮ ਦੇ ਸਕਦੀਆਂ ਹਨ। ਤੁਹਾਡੀ ਟੈਲੀਫ਼ੋਨ ਕਿਤਾਬ ਦੇ ਸ਼ੁਰੂ ਵਿੱਚ ਸੰਕਟ ਕੇਂਦਰ, ਬਾਲ ਦੁਰਵਿਵਹਾਰ ਜਾਂ ਲਿੰਗੀ ਦੁਰਵਿਵਹਾਰ ("Distress centres", "Child Abuse", ਜਾਂ "Sexual Assault") ਦੇ ਨਾਵਾਂ ਹੇਠ ਤੁਹਾਨੂੰ ਕਨੂੰਨੀ ਹੱਕਾਂ ਅਤੇ ਪਨਾਹ ਕੇਂਦਰਾ ਸਬੰਧੀ ਜਾਣਕਾਰੀ ਮਿਲ ਸਕਦੀ ਹੈ।

## ਪਰਵਾਰਿਕ ਤਸ਼ਦੱਦ

ਕਿਸੇ ਵੀ ਵਿਅਕਤੀ - ਮਰਦ, ਇਸਤ੍ਰੀ, ਜਾਂ ਬੱਚੇ ਤੇ ਅਤਿਆਚਾਰ ਕਰਨਾ ਕੈਨੇਡਾ ਵਿੱਚ ਕਨੂੰਨ ਦੇ ਵਿਰੁਧ ਹੈ। ਕਿਸੇ ਨੂੰ ਵੀ ਇਹ ਹੱਕ ਨਹੀਂ ਹੈ ਕਿ ਉਹ ਲੋਕਾਂ ਨੂੰ ਮਾਰੇ ਜਾਂ ਡਰਾਏ ਜਾਂ ਜ਼ਬਰਦਸਤੀ ਲਿੰਗ ਸਬੰਧ ਕਰਨ ਲਈ ਮਜਬੂਰ ਕਰੇ। ਇਹ ਕਨੂੰਨ ਲਾਗੂ ਹੁੰਦਾ ਹੈ ਚਾਹੇ ਉਹ ਕੋਈ ਵੀ ਹੋਵੇ – ਪਤਨੀ/ਪਤੀ, ਸਾਥੀ, ਇਸਤ੍ਰੀ ਮਿੱਤਰ/ਮਰਦ ਮਿੱਤਰ, ਮਾਪੇ, ਜਾਂ ਕੋਈ ਹੋਰ ਰਿਸ਼ਤੇਦਾਰ।

ਜੇ ਤੁਹਾਡੇ ਜਾਂ ਤੁਹਾਡੇ ਬਚਿਆਂ ਨਾਲ ਬੁਰਾ ਵਿਹਾਰ ਹੋ ਰਿਹਾ ਹੈ ਤਾਂ 911 ਜਾਂ ਸਥਾਨਕ ਸੰਕਟ ਨੰਬਰ ਮਿਲਾ ਕੇ ਪੁਲੀਸ ਨੂੰ ਬੁਲਾਓ। ਉਹ ਤੁਹਾਨੂੰ, ਜੇ ਤੁਸੀਂ ਚਾਹੋ ਤਾਂ ਡਾਕਟਰੀ ਸਹਾਇਤਾ ਜਾਂ ਕਿਸੇ ਸੁਰਖਿਅਤ ਸਥਾਨ ਤੇ ਲੈ ਜਾ ਸਕਦੇ ਹਨ। ਦੁਰ ਵਿਵਹਾਰ ਦੇ ਸ਼ਿਕਾਰ ਬਾਲਗ਼ ਅਤੇ ਬਚਿਆਂ ਲਈ ਸੰਕਟ ਪਨਾਹ ਕੇਂਦਰ, ਸਲਾਹ ਮਸ਼ਵਰਾ, ਅਤੇ ਮੁਫ਼ਤ ਕਨੂੰਨੀ ਸਲਾਹ ਮਿਲ ਸਕਦੀ ਹੈ। ਟੈਲੀਫ਼ੋਨ ਕਿਤਾਬ ਦੇ ਪਹਿਲੇ ਕੁਝ ਸਫ਼ਿਆਂ ਵਿੱਚ ਵੀ ਬਲਾਤਕਾਰ ਸੰਕਟ ਅਤੇ ਲਿੰਗੀ ਦੁਰਵਿਵਹਾਰ ਆਸਰਾ ਕੇਂਦਰ (Rape Crisis and Sexual Assault Support Centres) ਦਰਜ ਹਨ। ਇਹ ਸਭ ਤੁਹਾਡੀ ਸੇਵਾ ਲਈ ਹਨ।

ਕੈਨੇਡਾ ਦੇ ਬਹੁਤ ਸ਼ਹਿਰਾਂ ਵਿੱਚ 24 ਘੰਟੇ ਕੰਮ ਕਰਨ ਵਾਲੀਆਂ ਟੈਲੀਫ਼ੋਨ ਦੀਆਂ ਲਈਨਾ ਹਨ, ਜੋ ਤੁਹਾਡੀ ਸਹੂਲਤ ਲਈ ਹਨ। ਸੰਭਵ ਹੈ, ਤੁਸੀਂ ਕੇਵਲ ਕਿਸੇ ਨਾਲ ਗਲ ਕਰ ਕੇ ਆਪਣਾ ਮਨ ਹਲਕਾ ਕਰਨਾ ਚਾਹੋ। ਇਹ ਤੁਹਾਨੂੰ ਉਸ ਥਾਂ ਬਾਰੇ ਵੀ ਦਸ ਸਕਦੇ ਹਨ ਜਿੱਥੇ ਤੁਹਾਡੀ ਲੋੜੀਂਦੀ ਮਦਦ ਵੀ ਹੋ ਸਕਦੀ ਹੈ।

ਬਹੁਤ ਭਾਈਚਾਰਕ ਕੇਂਦਰ, ਉਨ੍ਹਾਂ ਸਾਥੀਆਂ ਲਈ ਜੋ ਸਹਾਇਤਾ ਦੀ ਤਲਾਸ਼ ਵਿੱਚ ਹਨ, ਪ੍ਰਵਾਰਾਂ ਲਈ ਜੋ ਇਕਠੇ ਰਹਿਣਾ ਚਾਹੁੰਦੇ ਹਨ, ਅਤੇ ਬਚਿਆਂ ਲਈ ਵੀ, ਸਲਾਹ-ਮਸ਼ਵਰੇ ਦੀ ਸਹੂਲਤ ਪ੍ਰਦਾਨ ਕਰਦੇ ਹਨ।

## ਬਜ਼ੁਰਗਾਂ ਦੇ ਹੱਕ

ਬਜ਼ੁਰਗ ਉਹ ਹੈ ਜੋ 65 ਸਾਲ ਜਾਂ ਇਸ ਤੋਂ ਵਧੇਰੀ ਉਮਰ ਦਾ ਹੋਵੇ। ਜੇ ਤੁਸੀਂ ਬਜ਼ੁਰਗ ਹੋ ਤਾਂ ਸੰਭਵ ਹੈ ਤੁਸੀਂ ਸਰਕਾਰ ਵਲੋਂ ਚਲਾਏ ਕੁਝ ਲਾਭਵੰਦ ਪ੍ਰੋਗਰਾਮਾਂ ਦੇ ਯੋਗ ਹੋਵੋ, ਜਿਵੇਂ ਬਜ਼ੁਰਗ ਅਵਸਥਾ ਦੀ ਸੁਰਖਿਅਕ ਪੈਨਸ਼ਨ (Old Age Security pension – OAS) ਅਤੇ ਨਿਸ਼ਚਿਤ ਆਮਦਨ ਸੰਪੂਰਕ (Guarnteed Income Supplement – GIS). ਇਨ੍ਹਾਂ ਲਈ ਯੋਗ ਹੋਣ ਵਾਸਤੇ ਇਹ ਜ਼ਰੂਰੀ ਹੈ ਕਿ ਤੁਸੀਂ ਰਹਾਇਸ਼ ਸਬੰਧੀ ਕੁਝ ਸ਼ਰਤਾਂ ਪੂਰੀਆਂ ਕਰਦੇ ਹੋਵੋ। ਆਪਣੇ ਪਹਿਲੇ ਮੁਲਕ ਤੋਂ ਵੀ ਬਜ਼ੁਰਗ ਅਵਸਥਾ ਦੀ ਸੁਰਖਿਅਕ ਪੈਨਸ਼ਨ ਲਈ ਸਭੰਵ ਹੈ, ਤੁਸੀਂ ਯੋਗ ਹੋਵੋ। ਕੁਝ ਪ੍ਰਾਂਤ ਇਨ੍ਹਾਂ ਯੋਜਨਾਵਾਂ ਨੂੰ ਆਪਣੇ ਵਲੋਂ ਸਹਾਇਤਾ ਦੇ ਕੇ ਪੂਰਾ ਕਰਦੇ ਹਨ ਜਿਵੇਂ ਵਾਧੂ ਸਹਾਇਤਾ ਦੀ ਸੂਰਤ ਵਿੱਚ ਡਾਕਟਰ ਵਲੋਂ ਦਵਾਈਆਂ ਖਰੀਦਣ ਲਈ ਯੋਜਨਾਵਾਂ। ਵਧੇਰੇ ਜਾਣਕਾਰੀ ਲਈ ਇਸ ਨੰਬਰ ਤੇ ਮੁਫ਼ਤ ਟੈਲੀਫੋਨ ਕਰੋ: 1-800 277-9914. ਜੇ ਤੁਸੀਂ ਸੁਣ ਜਾਂ ਬੋਲ ਨਹੀਂ ਸਕਦੇ ਅਤੇ ਤੁਸੀਂ TDD/TTY ਦੀ ਵਰਤੋਂ ਕਰਦੇ ਹੋ ਤਾਂ ਇਸ ਨੰਬਰ ਤੇ ਟੈਲੀਫ਼ੋਨ ਕਰੋ: 1-800 255-4786. ਫ਼ਰੈਂਚ ਬੋਲਣ ਵਾਲੇ ਇਸ ਨੰਬਰ ਤੇ ਮੁਫ਼ਤ ਟੈਲੀਫ਼ੋਨ ਕਰ ਸਕਦੇ ਹਨ: 1-800 277-9915.

ਕਈ ਕਾਰ-ਵਿਹਾਰ ਬਜ਼ੁਰਗਾਂ ਲਈ ਵਿਸ਼ੇਸ਼ ਕੀਮਤਾ ਤੇ ਸਾਮਾਨ ਵੀ ਵੇਚਦੇ ਹਨ, ਜਾਂ ਕਈ ਥਾਵਾਂ ਅਜਿਹੀਆਂ ਹਨ ਜਿੱਥੇ ਬਜ਼ੁਰਗਾਂ ਦੀ ਸੇਵਾ ਵਧੇਰੇ ਆਰਾਮਦਾਇਕ ਢੰਗ ਨਾਲ ਕੀਤੀ ਜਾਂਦੀ ਹੈ।

- ਕੀ ਤੁਸੀਂ ਜਾਣਦੇ ਹੋ ਕਿ ਕਿਸੇ ਵੀ ਵਿਅਕਤੀ - ਮਰਦ, ਇਸਤ੍ਰੀ ਜਾਂ ਬੱਚੇ ਨਾਲ ਤਸ਼ੱਦਦ ਭਰਿਆ ਵਰਤਾਓ ਕਰਨ ਕੈਨੇਡਾ ਵਿੱਚ ਕਨੂੰਨ ਦੇ ਵਿਰੁਧ ਹੈ?
- ਕੀ ਤੁਸੀਂ ਜਾਣਦੇ ਹੋ ਕਿ ਇਸਤ੍ਰੀ ਜਣਨ-ਇੰਦ੍ਰੀ ਭੰਗ ***(FGM)*** ਕਰਨਾ ਕਨੂੰਨ ਦੇ ਵਿਰੁਧ ਹੈ?

# ਆਵਾਜਾਈ ਦੇ ਸਾਧਨ

## ਚਾਲਕ ਲਾਈਸੈਂਸ ਲੈਣਾ

ਕੈਨੇਡਾ ਵਿੱਚ ਕਾਰ ਚਲਾਉਣ ਵਾਸਤੇ ਤੁਹਾਡੇ ਲਈ ਉਚਿਤ ਚਾਲਕ ਲਾਈਸੈਂਸ ਲੈਣਾ ਜ਼ਰੂਰੀ ਹੈ, ਅਤੇ ਇਹ ਤੁਹਾਨੂੰ ਉਸ ਪ੍ਰਾਂਤ ਜਾਂ ਰਾਜ-ਖੇਤਰ ਵਲੋਂ ਦਿਤਾ ਜਾਏਗਾ ਜਿੱਥੇ ਤੁਸੀਂ ਰਹਿੰਦੇ ਹੋ। ਤੁਹਾਡੇ ਕੈਨੇਡਾ ਵਿੱਚ ਆਉਣ ਤੋਂ ਬਾਦ ਥੋੜੀ ਦੇਰ ਤਕ ਤੁਹਾਡਾ ਵਿਦੇਸ਼ੀ ਚਾਲਕ ਲਾਈਸੈਂਸ ਸੰਭਵ ਹੈ, ਉਚਿਤ ਪ੍ਰਵਾਣ ਕੀਤਾ ਜਾ ਸਕੇ, ਪਰ ਆਪਣਾ ਲਾਈਸੈਂਸ ਬਰਕਰਾਰ ਰੱਖਣ ਲਈ ਤੁਹਾਨੂੰ ਅੰਤ ਵਿੱਚ ਕੈਨੇਡਾ ਦਾ ਚਾਲਕ ਇਮਤਿਹਾਨ ਦੇਣਾ ਪਵੇਗਾ। ਇਸ ਨਾਲ ਕੈਨੇਡਾ ਵਿੱਚ ਸੜਕਾਂ ਦੇ ਅਸੂਲਾਂ ਦਾ ਤੁਹਾਨੂੰ ਗਿਆਨ ਹੋ ਜਾਏਗਾ। ਸੰਭਵ ਹੈ ਤੁਸੀਂ ਕੌਮਾਂਤਰੀ ਚਾਲਕ ਆਗਿਆ ਪੱਤਰ ਵੀ ਲੈਣਾ ਚਾਹੋ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਆਪਣੇ ਪ੍ਰਾਂਤਕ ਆਵਾਜਾਈ ਦੇ ਮੰਤਰਾਲਿਆ ਜਾਂ ਪ੍ਰਾਂਤਕ ਮੋਟਰ ਵਹੀਕਲ ਲਾਈਸੈਂਸ ਦੇਣ ਵਾਲੀ ਸੰਸਥਾ ਨਾਲ ਸੰਪਰਕ ਪੈਦਾ ਕਰੋ।

ਨਿਜੀ ਕੰਪਨੀਆ ਫ਼ੀਸ ਲੈ ਕੇ ਚਾਲਕ ਲਾਈਸੈਂਸ ਦੇ ਦੇਂਦੀਆ ਹਨ। ਟੈਸਟ ਦੇਣ ਤੋਂ ਪਹਿਲਾਂ ਸੰਭਵ ਹੈ, ਤੁਸੀਂ ਕਾਰ ਚਲਾਉਣਾ ਸਿੱਖਣ ਲਈ ਕੁਝ ਸਿਖਲਾਈ ਦੇ ਸਬਕ  ਲੈਣਾ ਚਾਹੋ। ਇਸ ਬਾਰੇ ਟੈਲੀਫ਼ੋਨ ਦੀ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਚਾਲਕ ਸਿਖਿਆ ਦੇ ਨਾਮ ਹੇਠਾਂ ਦੇਖੋ।

ਯਾਦ ਰਹੇ: ਕਨੂੰਨ ਮੰਗ ਕਰਦਾ ਹੈ ਕਿ ਜਦੋਂ ਵੀ ਤੁਸੀਂ (ਕਾਰ, ਟਰੱਕ ਆਦਿ) ਚਲਾਓ ਤਾਂ ਚਾਲਕ ਲਾਈਸੈਂਸ ਹਮੇਸ਼ਾਂ ਆਪਣੇ ਕੋਲ ਰੱਖੋ। ਕਾਰ ਦੀ ਰਜਿਸਟਰੀ ਅਤੇ ਗੱਡੀ ਦਾ ਆਗਿਆ ਪੱਤਰ ਵੀ ਆਪਣੇ ਪਾਸ ਰੱਖੋ। ਆਪਣੀ ਕਾਰ ਦੇ ਬੀਮੇ ਦੇ ਸਰਟੀਫ਼ੀਕੇਟ ਦੀ ਨਕਲ ਵੀ ਕਾਰ ਚਲਾਉਣ ਸਮੇਂ ਨਾਲ ਰੱਖਣਾ ਚੰਗੀ ਗਲ ਹੈ।

## ਕਾਰ ਖਰੀਦਣਾ

ਕਾਰਾਂ ਨਵੀਆਂ ਹੋਣ ਜਾਂ ਪੁਰਾਣੀਆਂ, ਕਾਫ਼ੀ ਮਹਿੰਗੀਆ ਹੋ ਸਕਦੀਆਂ ਹਨ। ਇਹ ਧਿਆਨ ਵਿੱਚ ਰੱਖੋ ਕਿ ਤੁਸੀਂ ਗੈਸ, ਮਹਾਵਾਰੀ ਕਿਸ਼ਤਾਂ, ਕਾਰ ਦੀ ਰਜਿਸਟਰੀ ਅਤੇ ਬੀਮੇ ਦਾ ਖਰਚ ਸਹਾਰ ਸਕਦੇ ਹੋਵੋ। ਕੁਝ ਕੈਨੇਡਾ ਵਾਸੀ ਕਾਰ ਠੇਕੇ (lease) ਤੇ ਲੈਣੀ ਪਸੰਦ ਕਰਦੇ ਹਨ। ਠੇਕੇ ਤੇ ਕਾਰ ਲੈਣਾ ਕਾਫ਼ੀ ਆਸਾਨ ਹੈ ਪਰ ਇਸ ਵਿੱਚ ਕਈ ਛੁੱਪੇ ਹੋਏ ਖਰਚ ਹਨ ਜਿਵੇਂ ਪ੍ਰਬੰਧਕ ਫ਼ੀਸ ਜਾਂ ਟੈਕਸ। ਕੋਈ ਵੀ ਰਾਹ ਚੁਨਣ ਤੋਂ ਪਹਿਲਾਂ ਇਨ੍ਹਾਂ ਸਾਰੇ ਖਰਚਾਂ ਅਤੇ ਆਪਣੀ ਮਾਇਕ ਅਵਸਥਾ ਨੂੰ ਚੰਗੀ ਤਰ੍ਹਾਂ ਸਮਝ ਲਵੋ।

ਕਾਰ ਦਾ ਬੀਮਾ ਇਕ ਹੋਰ ਵੱਡਾ ਖਰਚ ਹੈ। ਇਹ ਜ਼ਰੂਰੀ ਹੈ ਕਿ ਸਭ ਕਾਰਾਂ, ਜਿਸ ਪ੍ਰਾਂਤ ਵਿੱਚ ਤੁਸੀਂ ਰਹਿੰਦੇ ਹੋ ਉਥੋਂ ਦੀ ਪ੍ਰਾਂਤਕ ਵਹੀਕਲ ਲਾਈਸੈਂਸ ਸੰਸਥਾ ਕੋਲ ਰਜਿਸਟਰ ਹੋਣ, ਅਤੇ ਉਨ੍ਹਾਂ ਦਾ ਬੀਮਾ ਵੀ ਜ਼ਰੂਰ ਕੀਤਾ ਜਾਏ। ਇਹ ਕਨੂੰਨ ਹੈ। ਕਾਰ ਦਾ ਬੀਮਾ ਜ਼ਰੂਰ ਮਹਿੰਗਾ ਹੈ ਪਰ ਦੁਰਘਟਨਾ ਸਮੇਂ ਇਹ ਤੁਹਾਡੀ ਤੇ ਦੂਸਰੇ ਕਾਰ ਚਲਾਉਣ ਵਾਲਿਆਂ ਦੀ ਹਿਫ਼ਾਜਤ ਕਰਦਾ ਹੈ। ਇਹ ਬੀਮਾ ਤੁਸੀਂ ਨਿਜੀ ਬੀਮਾ ਕੰਪਨੀਆ ਤੋਂ ਲੈ ਸਕਦੇ ਹੋ ਜੋ ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਇਨਸ਼ਿਉਰੰਸ ਦੇ ਨਾਮ ਹੇਠ ਦਰਜ ਹਨ। ਕੁਝ ਪ੍ਰਾਂਤਾ ਵਿੱਚ ਇਹ ਬੀਮਾ ਪ੍ਰਾਂਤਕ ਕਾਰਪੋਰੇਸ਼ਨਜ਼ ਦੇ ਜ਼ਰੀਏ ਵੀ ਵੇਚਦੇ ਹਨ। ਸਭ ਤੋਂ ਚੰਗੇ ਰੇਟ ਤੇ ਬੀਮਾ ਲੈਣ ਲਈ ਕਈ ਸੰਸਥਾਵਾਂ ਨਾਲ ਸੰਪਰਕ

ਪੈਦਾ ਕਰੋ। ਤੁਸੀਂ ਬੀਮੇ ਦਾ ਚੰਗਾ ਰੇਟ ਲੈ ਸਕਦੇ ਹੋ ਜੇ ਤੁਹਾਡੀ ਕਾਰ ਚਲਾਉਂਦਿਆ ਕੋਈ ਦੁਰਘਟਨਾ ਨਾ ਹੋਈ ਹੋਵੇ। ਵਧੇਰੇ ਜਾਣਕਾਰੀ ਲਈ, ਤੁਸੀਂ ਬਹੁਤ ਪ੍ਰਾਂਤਾ ਵਿੱਚ ਕੈਨੇਡਾ ਦਾ ਸਰਕਾਰੀ ਬੀਮਾ ਵਿਭਾਗ (Insurance Bureau of Canada) ਨੂੰ ਇਸ ਮੁਫ਼ਤ ਨੰਬਰ ਤੇ ਫ਼ੋਨ ਕਰ ਸਕਦੇ ਹੋ: 1-800-361-5131 ਜਾਂ ਉਨ੍ਹਾ ਦੀ ਵੈਬ ਸਾਈਟ ਵੀ ਦੇਖ ਸਕਦੇ ਹੋ: http://www.ibc.ca

## ਸੀਟ ਬੈਲਟ ਦੀ ਵਰਤੋਂ

ਕੈਨੇਡਾ ਵਿੱਚ ਗੱਡੀ ਚਲਾਉਂਦੇ ਸਮੇਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਤੇ ਤੁਹਾਡੇ ਨਾਲ ਦੇ ਮੁਸਾਫ਼ਰ ਸੀਟ ਬੈਲਟ ਲਗਾ ਕੇ ਬੈਠਣ। ਇਹ ਕਨੂੰਨ ਹੈ। ਦੁਰਘਟਨਾ ਸਮੇਂ ਲਗੀ ਹੋਈ ਸੀਟ ਬੈਲਟ ਤੁਹਾਡੀ ਜ਼ਿੰਦਗੀ ਬਚਾ ਸਕਦੀ ਹੈ। ਸੀਟ ਬੈਲਟ ਨਾ ਲਗਾਉਣ ਤੇ ਤੁਹਾਨੂੰ ਜੁਰਮਾਨਾ ਹੋ ਸਕਦਾ ਹੈ।

## ਬਚਿਆਂ ਲਈ ਕਾਰ ਸੀਟ

ਬਹੁਤ ਛੋਟੇ ਬੱਚੇ ਅਤੇ ਬੱਚੇ ਜੋ ਕਾਰ ਸੀਟ ਦੀ ਵਰਤੋਂ ਕਰਨ ਦੇ ਯੋਗ ਨਹੀਂ ਹਨ, ਉਨ੍ਹਾਂ ਨੂੰ ਗੱਡੀ ਚਲਾਉਣ ਸਮੇਂ ਬਚਿਆਂ ਦੀ ਵਿਸ਼ੇਸ਼ ਕਾਰ ਸੀਟ ਵਿੱਚ ਬੈਠਾਉਣਾ ਅਤਿਅੰਤ ਜ਼ਰੂਰੀ ਹੈ। ਇਹ ਵੀ ਦੁਰਘਟਨਾ ਸਮੇਂ ਜ਼ਿੰਦਗੀਆ ਬਚਾਉਣ ਵਿੱਚ ਸਹਾਇਤਾ ਕਰਦੀਆਂ ਹਨ। ਬਚਿਆਂ ਦੀ ਵੱਖ ਵੱਖ ਉਮਰ ਅਤੇ ਵਜ਼ਨ ਲਈ ਵੱਖ ਵੱਖ ਕਾਰ ਸੀਟਾਂ ਹਨ। ਉਦ੍ਹਰਣ ਵਜੋਂ, ਬਹੁਤ ਹੀ ਛੋਟੇ ਬਚਿਆਂ ਨੂੰ ਵਿਸ਼ੇਸ਼ ਕਾਰ ਸੀਟਾਂ ਵਿੱਚ ਰੱਖਣਾ ਜ਼ਰੂਰੀ ਹੈ ਜਿਨ੍ਹਾਂ ਦੇ ਮੂੰਹ ਕਾਰ ਦੇ ਪਿਛਲੇ ਪਾਸੇ ਵਲ ਹੁੰਦੇ ਹਨ। 18 ਕਿਲੋਗਰਾਮ ਤੋਂ ਵੱਧ ਭਾਰ ਦੇ ਬਚਿਆਂ ਲਈ ਬੂਸਟਰ ਸੀਟ (booster seat) ਦੀ ਜ਼ਰੂਰਤ ਹੈ।

## ਦੁਰਘਟਨਾ ਸਮੇਂ

ਜੇ ਤੁਹਾਨੂੰ ਡਾਕਟਰੀ ਸਹਾਇਤਾ ਚਾਹੀਦੀ ਹੈ ਤਾਂ ਉਸੇ ਵੇਲੇ 911 ਜਾਂ ਆਪਣੇ ਸਥਾਨਕ ਸੰਕਟ ਨੰਬਰ ਤੇ ਫ਼ੋਨ ਕਰੋ। ਜਿੱਥੇ ਤੁਸੀਂ ਹੋ ਉੱਥੇ ਹੀ ਰਹੋ, ਅਤੇ ਕਿਸੇ ਹੋਰ ਨੂੰ ਪੁਲੀਸ ਨੂੰ ਫ਼ੋਨ ਕਰਨ ਵਾਸਤੇ ਬੇਨਤੀ ਕਰੋ। ਆਪਣੀ ਕਾਰ ਦੀ ਬੀਮਾ ਕੰਪਨੀ ਨੂੰ ਵੀ ਦੁਰਘਟਨਾ ਸਬੰਧੀ ਜਲਦੀ ਸੂਚਨਾ ਦਿਓ। ਦੂਸਰੇ ਡਰਾਈਵਰ ਨਾਲ ਆਪਣਾ ਨਾਮ, ਪਤਾ, ਟੈਲੀਫ਼ੋਨ ਨੰਬਰ, ਬੀਮਾ ਅਤੇ ਡਰਾਈਵਰ ਲਾਈਸੈਂਸ ਨੰਬਰਾ ਦੀ ਅਦਲਾ ਬਦਲੀ ਕਰਨਾ ਵੀ ਬਹੁਤ ਜ਼ਰੂਰੀ ਹੈ। ਦੁਰਘਟਨਾ ਦੇ ਸਥਾਨ ਤੋਂ ਕਦੇ ਵੀ ਪਰੇ ਨਾ ਜਾਓ, ਵਿਸ਼ੇਸ਼ ਕਰਕੇ ਜਦੋਂ ਤੁਹਾਡੀ ਕਾਰ ਕਿਸੇ ਦੀ ਕਾਰ ਵਿੱਚ ਲਗੀ ਹੋਵੇ। ਇਹ ਬਹੁਤ ਹੀ ਸੰਗੀਨ ਜੁਰਮ ਹੈ ਜਿਸਨੂੰ "ਮਾਰ ਕੇ ਦੌੜ ਜਾਣਾ" ("hit-and-run") ਕਹਿੰਦੇ ਹਨ।

## ਵਧੇਰੇ ਜਾਣਕਾਰੀ ਲਈ...

ਟੈਲੀਫ਼ੋਨ ਕਿਤਾਬ ਵਿੱਚ ਦਰਜ ਇਨ੍ਹਾਂ ਸੰਸਥਾਂਵਾ ਨਾਲ ਸੰਪਰਕ ਪੈਦਾ ਕਰੋ: ਜਨਤਕ ਆਵਾਜਾਈ ਦੀਆਂ ਸੰਸਥਾਂਵਾ, ਪ੍ਰਾਂਤਕ ਆਵਾਜਾਈ ਦੇ ਮੰਤਰਾਲਿਆ, ਪ੍ਰਾਂਤਕ ਮੋਟਰ ਵਹੀਕਲ ਦੇ ਲਾਈਸੈਂਸ ਦਫ਼ਤਰ ਜਾਂ ਬੀਮਾ ਸੰਸਥਾਂਵਾ।

- ਕੀ ਤੁਹਾਡੇ ਕੋਲ ਉਚਿਤ ਡਰਾਈਵਰ ਲਾਈਸੈਂਸ ਹੈ?
- ਕੀ ਤੁਹਾਡੇ ਕੋਲ ਕਾਰ ਦਾ ਬੀਮਾ ਹੈ?
- ਕੀ ਤੁਹਾਡੇ ਕੋਲ ਆਪਣੇ ਬੱਚੇ ਲਈ ਕਾਰ ਸੀਟ ਹੈ?

# ਸੰਪਰਕ ਰੱਖਣਾ

## ਕੈਨੇਡਾ ਡਾਕ

ਕੈਨੇਡਾ ਦੀ ਡਾਕ ਦਾ ਪ੍ਰਬੰਧ ਕੈਨੇਡਾ ਡਾਕ ਨਿਗਮ (Canada Post Corporation) ਕਰਦਾ ਹੈ। ਡਾਕ ਭੇਜਣ ਲਈ ਡਾਕ ਟਿਕਟ ਦੀ ਵਰਤੋਂ ਕਰੋ। ਕਿਸੇ ਵੀ ਡਾਕਖਾਨੇ ਤੋਂ ਤੁਸੀਂ ਡਾਕ ਟਿਕਟਾਂ ਖਰੀਦ ਸਕਦੇ ਹੋ। ਦਵਾਈ ਦੀਆਂ ਦੁਕਾਨਾਂ, ਹੋਟਲ ਲਾਬੀ, ਹਵਾਈ ਅੱਡੇ, ਰੇਲਵੇ ਸਟੇਸ਼ਨ, ਬੱਸ ਅੱਡੇ ਅਤੇ ਕਈ ਅਖਬਾਰਾਂ ਦੇ ਸਟੈਂਡਜ਼ ਤੋਂ ਵੀ ਇਹ ਮਿਲ ਸਕਦੀਆਂ ਹਨ। ਟਿਕਟ ਦੀ ਕੀਮਤ ਚਿੱਠੀ ਜਾਂ ਪੁੰਲਦੇ ਦੇ ਵਜ਼ਨ, ਆਕਾਰ ਅਤੇ ਜਿੱਥੇ ਤੁਸੀਂ ਭੇਜ ਰਹੇ ਹੋ, ਤੇ ਨਿਰਭਰ ਕਰਦੀ ਹੈ। ਜਦੋਂ ਤੁਸੀਂ ਕੈਨੇਡਾ ਵਿੱਚ ਕੋਈ ਚੀਜ਼ ਕਿਸੇ ਪਤੇ ਤੇ ਭੇਜ ਰਹੇ ਹੋ ਤਾਂ ਛੇ-ਅੰਕਾ ਦਾ ਪੋਸਟਲ ਕੋਡ ਅਤੇ ਆਪਣਾ ਵਾਪਸੀ ਦਾ ਪਤਾ ਲਿਖਣਾ ਯਾਦ ਰੱਖੋ। ਇਸ ਨਾਲ ਡਾਕ ਜਲਦੀ ਪਹੁੰਚੇਗੀ। ਜੇ ਤੁਸੀਂ ਸਮੁੰਦਰੋਂ ਪਾਰ ਕੁਝ ਭੇਜ ਰਹੇ ਹੋ ਤਾਂ ਉਸ ਦੇਸ਼ ਦਾ ਵਿਸ਼ੇਸ਼ ਕੋਡ ਜ਼ਰੂਰ ਲਿਖੋ। ਇਹ ਤੁਹਾਨੂੰ ਡਾਕਖਾਨੇ ਤੋਂ ਮਿਲ ਜਾਣਗੇ।

ਆਪਣੀਆਂ ਚਿੱਠੀਆਂ ਜਾਂ ਛੋਟੇ ਪੁਲੰਦੇ ਡਾਕਖਾਨੇ ਵਿੱਚ ਜਾਂ ਲਾਲ ਰੰਗ ਦੇ ਕੈਨੇਡਾ ਡਾਕ (Canada Post ) ਬਕਸਾਂ ਵਿੱਚ ਪਾਓ। ਇਹ ਤੁਹਾਨੂੰ ਸਾਰੇ ਕੈਨੇਡਾ ਵਿੱਚ ਸੜਕਾਂ ਦੇ ਕਿਨਾਰਿਆਂ ਅਤੇ ਸ਼ਾਪਿੰਗ ਮਾਲਾਂ ਵਿੱਚ ਮਿਲ ਜਾਣਗੇ। ਵੱਡੇ ਪਾਰਸਲ ਡਾਕਖਾਨੇ ਵਿੱਚ ਲੈ ਕੇ ਜਾਓ।

ਕੈਨੇਡਾ ਪੋਸਟ ਹੋਰ ਵੀ ਕਈ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਵੇਂ, ਐਕਸਪ੍ਰੈਸ ਡਿਲਿਵਰੀ, ਪੋਸਟਲ ਮਨੀ ਆਰਡਰ ਅਤੇ ਬਹੁਤ ਜ਼ਰੂਰੀ ਡਾਕ ਲਈ ਬੀਮਾ ਕਰਵਾਉਣ ਦੀ ਸੇਵਾ। ਡਾਕ ਦੇ ਗੁਮ ਜਾਂ ਨੁਕਸਾਨ ਹੋ ਜਾਣ ਤੇ ਇਹ ਬੀਮਾ ਤੁਹਾਡੀ ਰਖਿਆ ਕਰਦਾ ਹੈ। ਸਾਧਾਰਣ ਡਾਕ ਨਾਲੋਂ ਐਕਸਪ੍ਰੈਸ ਡਿਲਿਵਰੀ ਵਧੇਰੇ ਮਹਿੰਗੀ ਹੁੰਦੀ ਹੈ। ਆਪਣੇ ਨੇੜੇ ਦੇ ਕੈਨੇਡਾ ਪੋਸਟ ਦਫ਼ਤਰ ਤੋਂ ਇਨ੍ਹਾਂ ਦੀਆਂ ਕੀਮਤਾਂ ਦਾ ਪਤਾ ਕਰੋ। ਨਿਜੀ ਵਿਸ਼ੇਸ਼ ਡਿਲਿਵਰੀ ਜਾਂ ਕਰੀਅਰ ਸੇਵਾਵਾਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਟੈਲੀਫ਼ੋਨ ਕਿਤਾਬ ਦੇ ਪੀਲੇ ਸਫ਼ਿਆਂ ਵਿੱਚ ਕਰੀਅਰ ("Courier") ਦੇ ਨਾਮ ਹੇਠਾਂ ਤੁਸੀਂ ਇਹ ਲੱਭ ਸਕਦੇ ਹੋ। ਸਰਕਾਰੀ ਛੁੱਟੀਆਂ ਤੋਂ ਬਿਨਾ ਡਾਕ ਹਰ ਰੋਜ਼ ਸੋਮਵਾਰ ਤੋਂ ਲੈ ਕੇ ਸ਼ੁਕਰਵਾਰ ਤਕ ਵੰਡੀ ਜਾਂਦੀ ਹੈ। ਇਹ ਡਾਕ ਘਰ ਘਰ ਵੰਡੀ ਜਾਂਦੀ ਹੈ ਅਤੇ ਨਾਲ ਹੀ ਡਾਕ ਦਫ਼ਤਰ (Post Office) ਜਾਂ ਭਾਈਚਾਰਕ ਡਾਕ ਡਬਿਆਂ ਵਿੱਚ ਵੀ ਪਾਈ ਜਾਂਦੀ ਹੈ। ਜੇ ਤੁਸੀਂ ਤਾਰ ਭੇਜਣਾ ਚਾਹੁੰਦੇ ਹੋ ਤਾਂ ਵਧੇਰੇ ਜਾਣਕਾਰੀ ਲਈ ਪੀਲੇ ਸਫ਼ਿਆਂ ਵਿੱਚ ਤਾਰ ਸੇਵਾਵਾਂ ("Telegram Services") ਦੇ ਨਾਮ ਹੇਠਾਂ ਦੇਖੋ।

## ਵਾਪਸੀ ਰਹਾਇਸ਼ ਆਗਿਆ-ਪੱਤਰ (Returning Resident Permit)

ਸਮੇਂ ਸਮੇਂ, ਸਭੰਵ ਹੈ ਤੁਸੀਂ ਆਪਣੇ ਸਬੰਧੀਆ ਨੂੰ ਮਿਲਣ ਲਈ ਕੈਨੇਡਾ ਛੱਡ ਕੇ ਜਾਣਾ ਚਾਹੋ। ਜੇ ਤੁਸੀਂ ਕੈਨੇਡਾ ਦੇ ਨਾਗਰਿਕ ਨਹੀਂ ਅਤੇ ਸਾਲ ਵਿੱਚ 183 ਦਿਨਾਂ ਤੋਂ ਵੱਧ ਕੈਨੇਡਾ ਤੋਂ ਬਾਹਰ ਰਹਿਣਾ ਚਹੁੰਦੇ ਹੋ, ਤਾਂ ਤੁਹਾਨੂੰ ਵਾਪਸੀ ਰਹਾਇਸ਼ ਆਗਿਆ-ਪੱਤਰ (Returning Resident Permit) ਲਈ ਅਰਜ਼ੀ ਦੇਣੀ ਪਵੇਗੀ। ਜੇ ਇਹ ਤੁਹਾਡੇ ਕੋਲ ਨਹੀਂ ਹੈ, ਤਾਂ ਤੁਹਾਡੀ ਵਾਪਸੀ ਤੇ ਤੁਹਾਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਮਨ੍ਹਾ ਕੀਤਾ ਜਾ ਸਕਦਾ ਹੈ। ਤੁਹਾਡਾ ਪੱਕੀ ਰਹਾਇਸ਼ ਦਾ ਰੁਤਬਾ ਖਤਮ ਹੋ ਸਕਦਾ ਹੈ। ਜਾਣ ਤੋਂ ਪਹਿਲਾਂ ਤੁਹਾਨੂੰ CIC Call Centre ਨੂੰ ਫ਼ੋਨ ਕਰਕੇ ਜਾਣਕਾਰੀ ਅਤੇ ਅਰਜ਼ੀ ਦੇ ਫ਼ਾਰਮ ਦੀ ਮੰਗ ਕਰਨੀ ਚਾਹੀਦੀ ਹੈ। ਯਾਦ ਰਹੇ ਕਿ ਇਸ ਸੇਵਾ ਲਈ ਕਾਰਵਾਈ ਦੀ ਫ਼ੀਸ ਲਈ ਜਾਂਦੀ ਹੈ।

# ਕੈਨੇਡਾ ਦਾ ਵਾਸੀ ਬਨਣਾ

ਕੈਨੇਡਾ ਦੇ ਸ਼ਹਿਰੀ ਬਨਣ ਲਈ, ਚਾਹੇ ਤੁਸੀਂ ਉਦੋਂ ਤਕ ਅਰਜ਼ੀ ਨਹੀਂ ਦੇ ਸਕਦੇ ਜਦ ਤਕ ਤੁਸੀਂ ਇੱਥੇ ਘਟੋ ਘੱਟ ਤਿੰਨ ਸਾਲ ਨਾ ਬਿਤਾ ਲਏ ਹੋਣ, ਪਰ ਇੱਥੇ ਪਹੁੰਚਣ ਤੇ ਤੁਸੀਂ ਇਹ ਸਮਝਣ ਦੇ ਯਤਨ ਵਿੱਚ ਰੁੱਝੇ ਰਹਿੰਦੇ ਹੋ ਕਿ ਕੈਨੇਡਾ ਦਾ ਨਾਗਰਿਕ ਬਨਣ ਦਾ ਕੀ ਭਾਵ ਹੈ। ਕੈਨੇਡਾ ਵਾਸੀਆਂ ਦਾ ਯਕੀਨ ਹੈ ਕਿ ਕੈਨੇਡਾ ਇਕ ਵਿਸ਼ੇਸ਼ ਸਥਾਨ ਹੈ। ਬਹੁਤ ਕੈਨੇਡਾ ਵਾਸੀ ਸੰਯੁਕਤ ਰਾਸ਼ਟਰੀ ਸੰਘ ਦੇ ਇਸ ਕੱਥਨ ਨਾਲ ਸਹਿਮਤ ਹਨ ਕਿ "ਕੈਨੇਡਾ ਰਹਿਣ ਲਈ ਸੰਸਾਰ ਵਿੱਚ ਸਭ ਤੋਂ ਉਤਮ ਦੇਸ਼ ਹੈ।"

ਕੈਨੇਡਾ ਦੀ ਨਾਗਰਿਕਤਾ ਲੈਣ ਲਈ ਤੁਹਾਨੂੰ ਇਸ ਮੁਲਕ ਨਾਲ ਆਪਣੀ ਗਹਿਰੀ ਸਾਂਝ ਦਰਸਾਉਣੀ ਹੋਵੇਗੀ।

- ਤੁਹਾਨੂੰ ਸਰੀਰਕ ਤੌਰ ਤੇ ਇੱਥੇ ਰਹਿਣ ਦੀ ਮੰਗ ਪੂਰੀ ਕਰਨੀ ਹੋਵੇਗੀ। ਨਾਗਰਿਕ ਬਨਣ ਲਈ ਅਰਜ਼ੀ ਦੇਣ ਤੋਂ ਪਹਿਲਾਂ ਤੁਹਾਡੇ ਲਈ ਕੈਨੇਡਾ ਵਿੱਚ ਘੱਟ ਤੋਂ ਘੱਟ ਤਿੰਨ ਸਾਲ ਰਹਿਣਾ ਬਹੁਤ ਜ਼ਰੂਰੀ ਹੈ।

- ਤੁਹਾਨੂੰ ਅੰਗਰੇਜ਼ੀ ਜਾਂ ਫ਼ਰੈਂਚ ਦਾ ਕਾਫ਼ੀ ਗਿਆਨ ਹੋਣਾ ਜ਼ਰੂਰੀ ਹੈ।

- ਤੁਹਾਨੂੰ ਨਾਗਰਿਕਤਾ ਨਾਲ ਸਬੰਧਤ ਜ਼ੁਮੇਵਾਰੀਆਂ ਤੇ ਸਹੂਲਤਾਂ, ਅਤੇ ਕੈਨੇਡਾ ਸਬੰਧੀ ਗਿਆਨ ਦਾ ਪ੍ਰਗਟਾਵਾ ਕਰਨਾ ਹੋਵੇਗਾ।

- ਤੁਹਾਡੀ ਉਮਰ 18 ਸਾਲ ਜਾਂ ਵੱਧ ਹੋਣੀ ਜ਼ਰੂਰੀ ਹੈ।

## ਨਾਗਰਿਕਤਾ ਦੇ ਹੱਕ ਤੇ ਜ਼ੁਮੇਵਾਰੀਆ

ਬਹੁਤ ਸਾਰੇ ਨਵੇਂ ਆਏ ਲੋਕਾਂ ਲਈ ਨਾਗਰਿਕ ਬਣ ਸਕਣ ਦਾ ਉਦੇਸ਼ ਇਕ ਅਜਿਹਾ ਤੋਹਫ਼ਾ ਹੈ, ਇਕ ਅਜਿਹੀ ਅਪਣਤ ਦੀ ਭਾਵਨਾ ਹੈ ਜੋ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਕੰਮਾ ਕਾਰਾਂ ਵਿੱਚ ਰਹਿਨੁਮਾਈ ਕਰਦੀ ਹੈ। ਇਸ ਵਿੱਚ ਉਨ੍ਹਾਂ ਦਾ ਇਸ ਦੇਸ਼ ਲਈ ਮਾਨ ਤੇ ਸਤਿਕਾਰ ਹੈ। ਇਸਦੀ ਸਮਾਨਤਾ ਅਤੇ ਭਿੰਨਤਾ ਵਿੱਚ ਯਕੀਨ ਹੈ। ਦੂਸਰਿਆਂ ਲਈ ਆਦਰ ਹੈ। ਇਸਦਾ ਭਾਵ ਹੈ, ਉਨ੍ਹਾਂ ਕਦਰਾਂ ਕੀਮਤਾ ਦਾ ਭਾਗੀਦਾਰ ਹੋਣਾ ਜੋ ਕੈਨੇਡਾ ਵਾਸੀਆਂ ਨੂੰ ਉਹ ਕੁਝ ਬਣਾਉਂਦੀਆ ਹਨ ਜੋ ਉਹ ਅਸਲੀਅਤ ਵਿੱਚ ਹਨ, ਅਤੇ ਨਾਲ ਹੀ, ਇਕ ਕੈਨੇਡਾ ਵਾਸੀ ਹੋਣ ਦੇ ਨਾਤੇ ਆਪਣੇ ਹੱਕਾਂ ਅਤੇ ਸਹੂਲਤਾਂ ਦਾ ਸਨਮਾਨ ਵੀ ਕਰਨਾ ਹੈ।

ਕੈਨੇਡਾ ਦੀ ਨਾਗਰਿਕਤਾ ਬਹੁਤ ਕੀਮਤੀ ਅਤੇ ਆਦਰ ਯੋਗ ਹੈ। ਇਹ ਤੁਹਾਡੇ ਤੇ ਤੁਹਾਡੇ ਦੇਸ਼ ਵਿਚਕਾਰ ਇਕ ਸਮਝੌਤਾ ਹੈ ਜੋ ਤੁਹਾਨੂੰ ਨਾਗਰਿਕਤਾ ਨਾਲ ਸਬੰਧਤ ਹੱਕਾਂ ਅਤੇ ਸਹੂਲਤਾਂ ਦਾ ਭਾਗੀਦਾਰ ਬਣਾਉਂਦਾ ਹੈ ਅਤੇ ਇਸ ਨਾਲ ਜੁੜੀਆਂ ਜ਼ੁਮੇਵਾਰੀਆ ਨਿਭਾਉਣ ਦੀ ਪ੍ਰੇਰਨਾ ਦੇਂਦਾ ਹੈ।

## ਅਰਜ਼ੀ ਦੇਣਾ

ਕੈਨੇਡਾ ਦੇ ਨਾਗਰਿਕ ਬਨਣ ਲਈ ਜਾਣਕਾਰੀ ਅਤੇ ਅਰਜ਼ੀ ਦਾ ਪੂਰਾ ਕਿਟ ਲੈਣ ਲਈ CIC Call Centres ਨਾਲ ਸੰਪਰਕ ਪੈਦਾ ਕਰੋ। ਟੈਲੀਫ਼ੋਨ ਨੰਬਰ ਲੈਣ ਲਈ: **ਮੂਲ ਸੇਵਾਵਾਂ:** ਨਾਗਰਿਕਤਾ ਅਤੇ ਆਵਾਸ ਕੈਨੇਡਾ ਕਾਲ ਸੈਂਟਰ (**Bsic Services:** Citizenship and Immigration Canada (CIC) Call Centres) ਦੇ ਭਾਗ ਨੂੰ ਦੇਖੋ।

# ਕੁਝ ਅੰਤਮ ਸ਼ਬਦ

ਇਸ ਪੁਸਤਕ ਰਾਹੀਂ, ਸਾਨੂੰ ਉਮੀਦ ਹੈ, ਤੁਹਾਨੂੰ ਕੈਨੇਡਾ ਵਿੱਚ ਰਹਿਣ ਸਬੰਧੀ ਕੁਝ ਜਾਣਕਾਰੀ ਮਿਲੀ ਹੋਵੇਗੀ। ਅਸੀਂ ਕੁਝ ਅਮਲੀ ਗਿਆਨ ਨੂੰ ਇਕਤ੍ਰ ਕਰਨ ਦਾ ਯਤਨ ਇਸ ਪਖੋਂ ਕੀਤਾ ਹੈ ਕਿ ਤੁਸੀਂ ਉਨ੍ਹਾਂ ਕਦਰਾਂ ਕੀਮਤਾ ਅਤੇ ਵਿਸ਼ਵਾਸਾਂ ਤੋਂ ਜਾਣੂ ਹੋ ਸਕੋ ਜੋ ਸਾਨੂੰ ਕੈਨੇਡਾ ਦੇ ਵਸਨੀਕ ਅਤੇ ਇਕ ਦੇਸ਼ ਦੇ ਰੂਪ ਵਿੱਚ ਇੱਕਠੇ ਰਹਿਣ ਲਈ ਪ੍ਰੇਰਦੇ ਹਨ। ਤੁਸੀਂ ਕੈਨੇਡਾ ਦੇ ਨਾਗਰਿਕ ਬਨਣ ਦਾ ਸਫ਼ਰ ਅਰੰਭ ਰਹੇ ਹੋ, ਅਤੇ ਅਸੀਂ ਸੱਚੇ ਦਿਲੋਂ ਉਮੀਦ ਕਰਦੇ ਹਾਂ ਕਿ ਇਹ ਜਾਣਕਾਰੀ ਤੁਹਾਨੂੰ ਇਸ ਦੇਸ਼ ਨੂੰ ਆਪਣਾ ਘਰ ਸਮਝਣ ਅਤੇ ਇਕ ਵਿਸ਼ੇਸ਼ ਅਪਣਤ ਦੀ ਭਾਵਨਾ ਉਜਾਗਰ ਕਰਨ ਵਿੱਚ ਸਹਾਇਕ ਹੋਵੇਗੀ। ਸਾਡੀ ਕੌਮ ਨਵੇਂ ਆਇਆਂ ਤੋਂ ਸਿਰਜੀ ਕੌਮ ਹੈ, ਅਤੇ ਅਸੀਂ ਤੁਹਾਡਾ ਆਪਣੇ ਇਸ ਪ੍ਰਵਾਰ ਵਿੱਚ ਸਵਾਗਤ ਕਰਦੇ ਹਾਂ।

"ਮੈਂ ਕੈਨੇਡਾ ਦਾ ਨਾਗਰਿਕ ਬਣ ਗਿਆ ਹਾਂ ਅਤੇ ਬਹੁਤ ਮਾਨ, ਪ੍ਰਸੰਨਤਾ ਅਤੇ ਖੁਸ਼-ਕਿਸਮਤ ਮਹਿਸੂਸ ਕਰ ਰਿਹਾ ਹਾਂ। ਮੈ ਕੈਨੇਡਾ ਦਾ ਅਤਿਅੰਤ ਆਭਾਰੀ ਸੀ। ਆਪਣਾ ਬੱਚਪਨ ਮੈਂ ਨਹੀਂ ਜੀਵਿਆ ਅਤੇ ਹੁਣ ਆਪਣੀ ਜ਼ਿੰਦਗੀ ਦਾ ਇਕ ਹੋਰ ਅੰਗ ਅਰੰਭ ਕਰਨ ਜਾ ਰਿਹਾ ਸੀ। ਮੈਂ ਸੋਚਦਾ ਹਾਂ ਕਿ ਹਰ ਕੈਨੇਡਾ ਵਾਸੀ ਨੂੰ ਮਾਨ ਹੋਣਾ ਚਾਹੀਦਾ ਹੈ। ਚਾਹੇ ਮੇਰਾ ਰੂਪ-ਰੰਗ ਫ਼ਰਕ ਹੈ, ਮੇਰੇ ਆਪਣੇ ਹੱਕ ਹਨ। ਮੈਂ ਇਕ ਕੈਨੇਡਾ ਦਾ ਵਾਸੀ ਹਾਂ।"

ਚਾਨਾ ਸੋਮ, ਕੰਮਬੋਡੀਆ ਦੇ "ਕਿਲਿੰਗ ਫ਼ੀਲਡਸ" ਤੋਂ ਬੱਚ ਕੇ ਆਇਆ

"ਮੇਰੇ ਲਈ, ਕੈਨੇਡਾ ਕਈ ਚੀਜ਼ਾਂ ਤੇ ਕਈ ਥਾਵਾਂ ਤੋਂ ਆਏ ਕਈ ਲੋਕਾਂ ਦਾ ਇਕ ਅਨੋਖਾ ਮੇਲ ਹੈ। ਇਹ ਇਕ ਅਜਿਹੀ ਰਚਨਾ ਹੈ ਜਿਸਦੀ ਸਾਰੀ ਦੁਨੀਆ ਨੂੰ ਤੇ ਸਾਨੂੰ ਕਦਰ ਕਰਨੀ ਅਤੇ ਇਸਨੂੰ ਪ੍ਰਫੁਲਿਤ ਕਰਨ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। "

ਸਰਜ ਰੈਡਚਕ, ਯੁਕਰੇਨ ਦੇ ਜੰਮ-ਪਲ

"ਮੈਨੂੰ ਡੋਰਵੈਲ ਤੇ ਮਿਲਿਆ ਆਵਾਸੀ ਅਫ਼ਸਰ ਕਦੀ ਨਹੀਂ ਭੁਲਣਾ। ਉਸਦੀਆਂ ਬੇਹੱਦ ਵਡੀਆਂ ਮੁੱਛਾਂ ਤਿੱਖੀ ਤਲਵਾਰ ਵਾਂਗ ਲਗ ਰਹੀਆਂ ਸਨ। ਇਹ ਆਦਮੀ ਮੇਰੇ ਵਲ ਮੁੜਿਆ ਤੇ ਸਹਿਜ ਸੁਭਾ ਕਹਿਣ ਲਗਾ, 'ਕੈਨੇਡਾ ਵਿੱਚ ਤੁਹਾਡਾ ਸਵਾਗਤ ਹੈ। ' ਉਸਦਾ ਇਹ ਕਹਿਣਾ ਮੇਰੇ ਦਿਲ ਨੂੰ ਛੁਹ ਗਿਆ, ਉਹ ਜਾਣਦਾ ਸੀ ਕਿ ਇਸ ਵੇਲੇ ਮੈਨੂੰ ਮੁੜ ਭਰੋਸੇ ਦੀ ਜ਼ਰੂਰਤ ਸੀ ਤੇ ਮੇਰੀ ਘਬਰਾਹਟ ਨੂੰ ਉਹ ਸਮਝਦਾ ਸੀ। "

ਹਿਊਬਰਟ ਡੇ ਸੈਨਟਾਨਾ, ਕੀਨੀਆ ਦੇ ਜੰਮ-ਪਲ

## ਮਿਹਰਬਾਨੀ ਕਰਕੇ ਧਿਆਨ ਦਿਓ

ਇਸ ਪੁਸਤਕ ਵਿੱਚ ਦਿਤੀ ਜਾਣਕਾਰੀ ਇਸਦੇ ਛੱਪਣ ਸਮੇਂ ਨਵੀਂ ਸੀ। ਇਹ ਜਾਣਕਾਰੀ ਕਈ ਸੋਮਿਆ ਤੋਂ ਲਈ ਗਈ ਹੈ, ਸਰਕਾਰੀ ਨੀਤੀਆਂ ਜਾਂ ਪ੍ਰੋਗਰਾਮਾਂ ਦੇ ਬਿਆਨਾ ਨਾਲ ਇਸਨੂੰ ਉਲਝਾਉਣਾ ਨਹੀਂ ਚਾਹੀਦਾ। ਕੈਨੇਡਾ ਸਰਕਾਰ ਉਸ ਜਾਣਕਾਰੀ ਲਈ ਜ਼ੁਮੇਵਾਰ ਨਹੀਂ ਜੋ ਇਸਦੇ ਛੱਪਣ ਦੇ ਦਰਮਿਆਨ ਬਦਲ ਗਈ ਹੋਵੇ।

# ਕੈਨੇਡਾ ਵਿੱਚ ਰਹਿਣਾ: ਤੁਹਾਡੀ ਸੂਚੀ

ਇਹ ਕਿਤਨਾ ਕੁਝ ਯਾਦ ਰਖੱਣ ਲਈ ਹੈ, ਇਸ ਵਾਸਤੇ ਤੁਹਾਡੀ ਸਹਾਇਤਾ ਲਈ ਅਸੀਂ ਇਹ ਸੂਚੀ ਤਿਆਰ ਕੀਤੀ ਹੈ ਤਾਂ ਕਿ ਜ਼ਰੂਰੀ ਕੰਮ ਤੁਸੀਂ ਪਹਿਲਾਂ ਕਰ ਸਕੋ। ਸਾਨੂੰ ਉਮੀਦ ਹੈ ਇਹ ਤੁਹਾਡੇ ਲਈ ਲਾਭਵੰਦ ਸਿਧ ਹੋਵੇਗੀ।

## ਤੁਹਾਡੇ ਪਹਿਲੇ ਕੁਝ ਹਫ਼ਤੇ

ਤੁਹਾਨੂੰ ਜ਼ਰੂਰਤ ਹੋਵੇਗੀ...

ਆਪਣੇ ਮੁਲਕ ਦੇ ਪੈਸੇ ਨੂੰ ਕੈਨੇਡਾ ਦੇ ਪੈਸੇ ਵਿੱਚ ਬਦਲੋ
ਆਰਜ਼ੀ ਤੌਰ ਤੇ ਰਹਿਣ ਲਈ ਥਾਂ ਲਭੋ
ਆਪਣੀ ਪਹਿਚਾਣ (ID) ਦਾ ਕੋਈ ਸਬੂਤ ਕੋਲ ਰਖੋ
ਨਿਜੀ (ਪ੍ਰਾਈਵੇਟ) ਸਿਹਤ ਬੀਮੇ (Health Insurance) ਲਈ ਅਰਜ਼ੀ ਦਿਓ
ਆਪਣੇ ਇਲਾਕੇ ਦਾ ਨਕਸ਼ਾ ਲਵੋ ਤੇ ਇਥੋਂ ਦੇ ਆਵਾਜਾਈ ਦੇ ਸਾਧਨਾਂ ਸਬੰਧੀ ਜਾਣਕਾਰੀ ਹਾਸਲ ਕਰੋ
ਆਪਣੀ ਨਿਜੀ ਟੈਲੀਫ਼ੋਨ ਕਿਤਾਬ ਲਵੋ
ਆਪਣੇ ਭਾਈਚਾਰੇ ਦੀ ਆਵਾਸ ਸੇਵਾ ਸੰਸਥਾ ਨਾਲ ਸੰਪਰਕ ਪੈਦਾ ਕਰੋ।
ਸਮਾਜਕ ਬੀਮਾ ਨੰਬਰ ਕਾਰਡ (Social Insurance Number Card) ਅਤੇ ਸਿਹਤ ਬੀਮਾ ਕਾਰਡ (Health Insurance card) ਲਈ ਅਰਜ਼ੀਆਂ ਭਰੋ।

## ਤੁਹਾਡੇ ਪਹਿਲੇ ਕੁਝ ਮਹੀਨੇ

ਤੁਹਾਨੂੰ ਜ਼ਰੂਰਤ ਹੋਵੇਗੀ...

ਪੱਕੀ ਰਹਾਇਸ਼ ਲਈ ਘਰ ਲਭੋ
ਟੈਲੀਫ਼ੋਨ ਲਗਵਾਓ
ਆਪਣੇ ਬਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਓ
ਪ੍ਰਵਾਰਿਕ ਡਾਕਟਰ ਲਭੋ
ਬਚਿਆਂ ਨੂੰ ਟੀਕੇ ਲਗਵਾਓ
ਬੈਂਕ ਵਿੱਚ ਆਪਣਾ ਐਕਊਂਟ (ਖਾਤਾ) ਖੋਲੋ
ਰੋਜ਼ਗਾਰ ਲਭੋ
ਆਪਣਾ ਪਤਾ ਤੇ ਟੈਲੀਫ਼ੋਨ ਨੰਬਰ ਆਪਣੇ ਨਾਲ ਲੈ ਕੇ ਜਾਓ
ਮਿੱਤਰ ਬਨਾਉਣ ਦਾ ਯਤਨ ਕਰੋ – ਮਿਹਮਾਨ-ਨਿਵਾਜ਼ੀ (HOST) ਪ੍ਰੋਗਰਾਮ ਵਿੱਚ ਸ਼ਾਮਲ ਹੋਵੋ
ਆਪਣੇ ਭਾਈਚਾਰੇ ਵਿੱਚ ਨਵੇਂ ਆਇਆਂ ਲਈ ਬੋਲੀ ਸਿਖਲਾਈ ਦੇ ਮੁਲਿਅੰਕਣ ਕੇਂਦਰ (LINC) ਦਾ ਪਤਾ ਲਗਾਓ ਅਤੇ ਬੋਲੀ ਸਿਖੱਣ ਲਈ ਦਾਖਲਾ ਲਵੋ

## ਤੁਹਾਡਾ ਪਹਿਲਾ ਸਾਲ

ਤੁਹਾਨੂੰ ਜ਼ਰੂਰਤ ਹੋਵੇਗੀ...

ਉਚਿਤ ਡਰਾਈਵਰ ਲਾਈਸੈਂਸ ਲਵੋ
ਆਪਣੀ ਬੋਲੀ ਸੁਧਾਰਣ ਲਈ ਅਭਿਆਸ ਕਰੋ
ਬਾਲਗਾਂ ਲਈ ਲਗਾਤਾਰ ਸਿਖਿਆ ਦੇ ਪ੍ਰੋਗਰਾਮ ਵਿੱਚ ਦਾਖਲਾ ਲਵੋ
ਆਰਾਮ ਕਰਨ ਲਈ ਸਮਾਂ ਕਢੋ ਅਤੇ ਭਾਈਚਾਰੇ ਦੇ ਕੰਮਾ ਵਿੱਚ ਭਾਗ ਲਵੋ
ਕੈਨੇਡਾ ਦੇ ਕਨੂੰਨ ਅਧੀਨ ਆਪਣੇ ਹੱਕਾਂ ਅਤੇ ਜ਼ੁਮੇਵਾਰੀਆਂ ਨੂੰ ਸਮਝੋ
ਇਹ ਧਿਆਨ ਵਿੱਚ ਰਖੋ ਕਿ ਕੈਨੇਡਾ ਵਿੱਚ ਤਿੰਨ ਸਾਲ ਰਹਿਣ ਤੋਂ ਬਾਦ ਤੁਸੀਂ ਕੈਨੇਡਾ ਦੇ ਨਾਗਰਿਕ ਬਨਣ ਲਈ ਅਰਜ਼ੀ ਦੇ ਸਕਦੇ ਹੋ